ਚੜ੍ਹਦੀਕਲਾ ਪੜ੍ਹੋ
ਚੜ੍ਹਦੀਕਲਾ 'ਚ ਰਹੋ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ ਲਈ
ਆਪਣੇ ਅਖਬਾਰ ਏਜੰਟ ਤੋਂ ਚੜ੍ਹਦੀਕਲਾ ਦੀ ਮੰਗ ਕਰੋ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ'    DAILY CHARHDIKALA, CHANDIGARH    ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
ਸੰਪਾਦਕ : ਦਮਨਦੀਪ ਸਿੰਘ

(Thursday, 23 April 2026 )    ਚੰਡੀਗੜ੍ਹ,    ਵੀਰਵਾਰ, 23 ਅਪ੍ਰੈਲ, 2026,    10 ਵੈਸਾਖ ਨਾਨਕਸ਼ਾਹੀ    ਸੰਮਤ 558, ਬਿਕ੍ਰਮੀ 2083



ਚੜ੍ਹਦੀਕਲਾ
ਦੇ ਪੱਤਰਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੋਈ ਵੀ ਪ੍ਰੈੱਸ ਨੋਟ, ਖ਼ਬਰ ਜਾਂ ਇਸ਼ਤਿਹਾਰ
news@charhdikala.com
ਉੱਤੇ ਹੀ ਭੇਜਿਆ ਜਾਵੇ ਜੀ



PRGI (RNI) Regd. No. CHPUN/25/A1790    ਸਾਲ (Year) 2    ਅੰਕ ਨੰਬਰ (Volume No.) 111 ਮੁੱਲ : 2.00 ਰੁਪਏ    ਫ਼ੋਨ: +91-92168-07500 E-mail: news@charhdikala.com


## ਚੰਡੀਗੜ੍ਹ ਦੇ ਮੇਅਰ, ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦਾ ਕਾਰਜਕਾਲ ਵਧਾਉਣ ਦੀ ਤਿਆਰੀ

### ਕਾਰਜਕਾਲ ਨੂੰ ਇਕ ਸਾਲ ਤੋਂ ਵਧਾ ਕੇ ਢਾਈ ਸਾਲ ਕਰਨ 'ਤੇ ਕੀਤਾ ਜਾ ਰਿਹੈ ਵਿਚਾਰ

ਚੰਡੀਗੜ੍ਹ, 22 ਅਪ੍ਰੈਲ (ਚ. ਨ. ਸ.): ਵਰਤਮਾਨ ਵਿੱਚ ਚੰਡੀਗੜ੍ਹ ਦੇ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦਾ ਕਾਰਜਕਾਲ ਸਿਰਫ਼ 1 ਸਾਲ ਦਾ ਹੁੰਦਾ ਹੈ। ਹੁਣ ਪ੍ਰਸ਼ਾਸਨ ਵੱਲੋਂ ਇਸ ਨੂੰ ਵਧਾ ਕੇ ਢਾਈ ਸਾਲ (2.5 ਸਾਲ) ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਚੰਡੀਗੜ੍ਹ ਪ੍ਰਸ਼ਾਸਨ ਨੇ ਇਸ ਸਬੰਧੀ ਇੱਕ ਰਸਮੀ ਪ੍ਰਸਤਾਵ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜ ਦਿੱਤਾ ਹੈ। ਇਸ ਬਦਲਾਅ ਨੂੰ ਲਾਗੂ ਕਰਨ ਲਈ 'ਪੰਜਾਬ ਨਗਰ ਨਿਗਮ ਐਕਟ, 1976' (ਜੋ ਚੰਡੀਗੜ੍ਹ 'ਤੇ ਲਾਗੂ ਹੁੰਦਾ ਹੈ) ਵਿੱਚ ਸੋਧ ਕਰਨੀ ਪਵੇਗੀ। ਪ੍ਰਸ਼ਾਸਨ ਅਤੇ ਸਿਆਸੀ ਮਾਹਿਰਾਂ ਅਨੁਸਾਰ 1 ਸਾਲ ਦਾ ਸਮਾਂ ਬਹੁਤ ਘੱਟ ਹੁੰਦਾ ਹੈ, ਜਿਸ ਕਾਰਨ ਕਈ ਦਿੱਕਤਾਂ ਆਉਂਦੀਆਂ ਹਨ। ਇੱਕ ਸਾਲ ਦਾ ਸਮਾਂ ਨਵੀਆਂ ਨੀਤੀਆਂ ਬਣਾਉਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਲਈ ਨਾਕਾਫ਼ੀ ਹੁੰਦਾ ਹੈ।




ਢਾਈ ਸਾਲ ਦਾ ਸਮਾਂ ਮਿਲਣ ਨਾਲ ਮੇਅਰ ਸ਼ਹਿਰ ਦੇ ਵਿਕਾਸ ਪ੍ਰੋਜੈਕਟਾਂ ਨੂੰ ਬਿਹਤਰ ਤਰੀਕੇ ਨਾਲ ਨੇਪਰੇ ਚਾੜ੍ਹ ਸਕਣਗੇ। ਹਰ ਸਾਲ ਹੋਣ ਵਾਲੀਆਂ ਮੇਅਰ ਚੋਣਾਂ ਕਾਰਨ ਨਿਗਮ ਵਿੱਚ ਅਕਸਰ ਸਿਆਸੀ ਖਿੱਚੋਤਾਣ ਬਣੀ ਰਹਿੰਦੀ ਹੈ। ਲੰਬੇ ਕਾਰਜਕਾਲ ਨਾਲ ਸਥਿਰਤਾ ਆਵੇਗੀ। ਕਈ ਹੋਰ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਰਾਜਾਂ ਵਿੱਚ ਵੀ ਮੇਅਰ ਦਾ ਕਾਰਜਕਾਲ ਜ਼ਿਆਦਾ ਹੁੰਦਾ ਹੈ, ਜਿਸ ਨੂੰ ਆਧਾਰ ਬਣਾ ਕੇ ਇਹ ਮੰਗ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ। ਜੇਕਰ ਗ੍ਰਹਿ ਮੰਤਰਾਲਾ ਇਸ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੰਦਾ ਹੈ, ਤਾਂ ਇਸ ਨੂੰ ਸੰਸਦ ਵਿੱਚ ਕਾਨੂੰਨੀ ਸੋਧ ਲਈ ਪੇਸ਼ ਕੀਤਾ ਜਾ ਸਕਦਾ ਹੈ। ਮਨਜ਼ੂਰੀ ਮਿਲਣ ਤੋਂ ਬਾਅਦ, ਇਹ ਨਵਾਂ ਨਿਯਮ ਅਗਲੇ ਕਾਰਜਕਾਲ (ਨਵੀਆਂ ਚੋਣਾਂ) ਤੋਂ ਲਾਗੂ ਹੋਣ ਦੀ ਉਮੀਦ ਹੈ।

## ਬੀ.ਬੀ.ਐਮ.ਬੀ.ਜਲ ਵਿਵਾਦ ਮਾਮਲੇ 'ਚ ਹਾਈਕੋਰਟ ਨੇ ਪੰਜਾਬ ਸਰਕਾਰ ਦੀ ਪਟੀਸ਼ਨ ਕੀਤੀ ਖਾਰਜ

ਚੰਡੀਗੜ੍ਹ, 22 ਅਪ੍ਰੈਲ (ਚ. ਨ. ਸ.): ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਭਾਖੜਾ-ਬਿਆਸ ਪ੍ਰਬੰਧਨ ਬੋਰਡ (ਬੀਬੀਐਮਬੀ) ਨਾਲ ਜੁੜੇ ਜਲ ਵਿਵਾਦ ਮਾਮਲੇ 'ਚ ਪੰਜਾਬ ਸਰਕਾਰ ਨੂੰ ਵੱਡਾ ਝਟਕਾ ਦਿੰਦੇ ਹੋਏ ਉਸ ਦੀ ਪਟੀਸ਼ਨ ਖਾਰਜ ਕਰ ਦਿੱਤੀ ਹੈ। ਇਹ ਪਟੀਸ਼ਨ ਪਿਛਲੇ ਸਾਲ ਹਰਿਆਣਾ ਨੂੰ 8500 ਕਿਊਸਿਕ ਪਾਣੀ ਦਿੱਤੇ ਜਾਣ ਦੇ ਬੀਬੀਐਮਬੀ ਦੇ ਹੁਕਮਾਂ ਨੂੰ ਚੁਣੌਤੀ ਦਿੰਦੇ ਹੋਏ ਦਾਇਰ ਕੀਤੀ ਗਈ ਸੀ। ਪੰਜਾਬ ਸਰਕਾਰ ਦਾ ਮੁੱਖ ਦੋਸ਼ ਸੀ ਕਿ ਬੀਬੀਐਮਬੀ ਨੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਇਹ ਫੈਸਲਾ ਲਿਆ।

ਸੂਬੇ ਵੱਲੋਂ ਕਿਹਾ ਗਿਆ ਕਿ ਉਸ ਦੀ ਸਹਿਮਤੀ ਤੋਂ ਬਿਨਾਂ ਹਰਿਆਣਾ ਨੂੰ ਵਾਧੂ ਪਾਣੀ ਦੇਣਾ ਨਾ ਸਿਰਫ਼ ਸਥਾਪਿਤ ਸਮਝੌਤਿਆਂ ਦੇ ਖ਼ਿਲਾਫ਼ ਹੈ, ਸਗੋਂ ਉਸ ਦੇ ਇਤਰਾਜ਼ਾਂ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ ਹੈ। ਪੰਜਾਬ ਨੇ ਅਦਾਲਤ ਨੂੰ ਦੱਸਿਆ ਕਿ ਤਕਨੀਕੀ ਕਮੇਟੀ ਦੀ ਮੀਟਿੰਗ 'ਚ 'ਦੁਵੱਲੀ ਸਹਿਮਤੀ' ਦੀ ਸ਼ਰਤ ਸ਼ਾਮਲ ਸੀ ਜਿਸ ਨੂੰ ਬਾਅਦ 'ਚ ਹਟਾ ਦਿੱਤਾ ਗਿਆ ਤੇ ਇਕਪਾਸੜ ਫੈਸਲਾ ਲਾਗੂ ਕਰ ਦਿੱਤਾ ਗਿਆ। ਪੰਜਾਬ ਸਰਕਾਰ ਵੱਲੋਂ ਦਲੀਲ ਦਿੱਤੀ ਗਈ ਕਿ ਪੰਜਾਬ ਪੁਨਰਗਠਨ ਐਕਟ, 1966 ਦੀ ਧਾਰਾ 79 ਤਹਿਤ ਬੋਰਡ ਦੇ ਕਾਰਜ ਕੇਵਲ ਪ੍ਰਸ਼ਾਸਨ, ਰੱਖ-ਰਖਾਅ ਅਤੇ ਸੰਚਾਲਨ ਤਕ ਸੀਮਤ ਹਨ। ਇਸ ਤੋਂ ਇਲਾਵਾ ਪਾਣੀ ਤੇ ਬਿਜਲੀ ਦੀ ਸਪਲਾਈ ਵੀ ਪੁਰਾਣੇ ਸਮਝੌਤਿਆਂ ਅਨੁਸਾਰ ਹੀ ਕੀਤੀ ਜਾ ਸਕਦੀ ਹੈ।

**ਦਲੀਲ- ਅਧਿਕਾਰ ਖੇਤਰ ਤੋਂ ਬਾਹਰ ਦਾ ਮਾਮਲਾ**



ਅਜਿਹੀ ਸਥਿਤੀ 'ਚ ਸਹਿਮਤੀ ਤੋਂ ਬਿਨਾਂ ਵਾਧੂ ਪਾਣੀ ਛੱਡਣਾ ਨਾ ਸਿਰਫ਼ ਨਿਯਮਾਂ ਦੇ ਖ਼ਿਲਾਫ਼ ਹੈ ਸਗੋਂ ਸੂਬੇ ਦੇ ਅਧਿਕਾਰਾਂ ਦੀ ਉਲੰਘਣਾ ਵੀ ਹੈ। ਪੰਜਾਬ ਨੇ ਵਿਸ਼ੇਸ਼ ਤੌਰ 'ਤੇ 23 ਅਪ੍ਰੈਲ 2025 ਦੀ ਤਕਨੀਕੀ ਕਮੇਟੀ ਦੀ ਮੀਟਿੰਗ ਅਤੇ 30 ਅਪ੍ਰੈਲ 2025 ਦੀ ਬੋਰਡ ਮੀਟਿੰਗ ਦੇ ਫੈਸਲਿਆਂ ਨੂੰ ਚੁਣੌਤੀ ਦਿੱਤੀ। ਨਾਲ ਹੀ ਬੋਰਡ ਨੇ ਹਰਿਆਣਾ ਨੂੰ ਸਿੱਧੇ ਪਾਣੀ ਦੀ ਮੰਗ (ਇੰਡੈਂਟ) ਭੇਜਣ ਦੀ ਇਜਾਜ਼ਤ ਦੇ ਕੇ ਸਥਾਪਿਤ ਪ੍ਰਕਿਰਿਆ ਦੀ ਉਲੰਘਣਾ ਕੀਤੀ। ਪੰਜਾਬ ਸਰਕਾਰ ਨੇ ਇਹ ਵੀ ਕਿਹਾ ਕਿ ਇਹ ਮਾਮਲਾ ਕੇਵਲ ਗਲਤ ਫੈਸਲੇ ਦਾ ਨਹੀਂ ਸਗੋਂ ਪੂਰੀ ਤਰ੍ਹਾਂ ਅਧਿਕਾਰ ਖੇਤਰ ਤੋਂ ਬਾਹਰ ਦਾ ਹੈ, ਇਸ ਲਈ ਬਦਲਵੇਂ ਉਪਾਅ (ਜਿਵੇਂ ਕੇਂਦਰ ਸਰਕਾਰ ਕੋਲ ਜਾਣਾ) ਲਾਗੂ ਨਹੀਂ ਹੁੰਦਾ ਅਤੇ ਹਾਈਕੋਰਟ ਨੂੰ ਦਖਲ ਦੇਣਾ ਚਾਹੀਦਾ ਹੈ।

**ਅਦਾਲਤ ਨੇ ਅਸਵੀਕਾਰ ਕੀਤੀ ਦਲੀਲ**

ਹਾਲਾਂਕਿ, ਹਾਈਕੋਰਟ ਨੇ ਇਨ੍ਹਾਂ ਦਲੀਲਾਂ ਨੂੰ ਸਵੀਕਾਰ ਨਹੀਂ ਕੀਤਾ। ਅਦਾਲਤ ਨੇ ਸਪੱਸ਼ਟ ਕੀਤਾ ਕਿ ਇਸ ਮੁੱਦੇ 'ਤੇ ਪਹਿਲਾਂ ਹੀ ਵਿਸਥਾਰਪੂਰਵਕ ਸੁਣਵਾਈ ਕਰ ਕੇ ਫੈਸਲਾ ਦਿੱਤਾ ਜਾ ਚੁੱਕਾ ਹੈ। ਉਸ ਫੈਸਲੇ ਵਿੱਚ ਇਹ ਕਿਹਾ ਗਿਆ ਸੀ ਕਿ ਜੇਕਰ ਕਿਸੇ ਰਾਜ ਨੂੰ ਬੀਬੀਐਮਬੀ ਦੇ ਫੈਸਲੇ 'ਤੇ ਇਤਰਾਜ਼ ਹੈ ਤਾਂ ਉਹ ਨਿਯਮਾਂ ਤਹਿਤ ਕੇਂਦਰ ਸਰਕਾਰ ਕੋਲ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਕੋਰਟ ਨੇ ਦੁਹਰਾਇਆ ਕਿ ਜਲ ਵੰਡ ਵਰਗੇ ਤਕਨੀਕੀ ਅਤੇ ਨੀਤੀਗਤ ਮਾਮਲਿਆਂ ਵਿੱਚ ਸਿੱਧੀ ਨਿਆਂਇਕ ਦਖਲਅੰਦਾਜ਼ੀ ਸੀਮਤ ਹੁੰਦੀ ਹੈ ਅਤੇ ਇਸ ਲਈ ਕਾਨੂੰਨੀ ਵਿਵਸਥਾ ਪਹਿਲਾਂ ਹੀ ਮੌਜੂਦ ਹੈ।

ਸੁਣਵਾਈ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਜਿਸ ਮਿਆਦ (ਮਈ-ਜੂਨ 2025) ਲਈ ਪਾਣੀ ਛੱਡਿਆ ਗਿਆ ਸੀ, ਉਹ ਹੁਣ ਖਤਮ ਹੋ ਚੁੱਕੀ ਹੈ। ਹਾਈਕੋਰਟ ਨੇ ਆਪਣੇ ਹੁਕਮ 'ਚ ਇਹ ਵੀ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੂੰ ਹੁਣ ਵੀ ਬੀਬੀਐਮਬੀ ਦੇ ਫੈਸਲੇ 'ਤੇ ਇਤਰਾਜ਼ ਹੈ ਤਾਂ ਉਹ ਨਿਯਮ 7 ਤਹਿਤ ਕੇਂਦਰ ਸਰਕਾਰ ਕੋਲ ਬੇਨਤੀ ਦੇ ਸਕਦੀ ਹੈ, ਜਿੱਥੇ ਅਜਿਹੇ ਵਿਵਾਦਾਂ ਦੇ ਹੱਲ ਦੀ ਸਪੱਸ਼ਟ ਵਿਵਸਥਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਅਦਾਲਤ ਨੇ ਪੰਜਾਬ ਸਰਕਾਰ ਵੱਲੋਂ ਬੋਰਡ ਦੇ ਕੰਮਕਾਜ 'ਚ ਦਖਲਅੰਦਾਜ਼ੀ ਕਰਨ ਖ਼ਿਲਾਫ਼ ਅਪਮਾਨ ਪਟੀਸ਼ਨ ਦਾ ਵੀ ਇਹ ਕਹਿ ਕੇ ਨਿਪਟਾਰਾ ਕਰ ਦਿੱਤਾ ਕਿ ਹੁਣ ਇਸਦਾ ਕੋਈ ਮਕਸਦ ਨਹੀਂ ਬਣਦਾ।

## ਪੰਜਾਬ ਦੀਆਂ ਮੰਡੀਆਂ 'ਚ ਲੱਗੇ ਕਣਕ ਦੇ ਅੰਬਾਰ, ਚੁਕਾਈ ਨਾ ਹੋਣ ਕਾਰਨ ਕਿਸਾਨ ਤੇ ਆੜ੍ਹਤੀਏ ਪ੍ਰੇਸ਼ਾਨ

ਚੰਡੀਗੜ੍ਹ, 22 ਅਪ੍ਰੈਲ (ਚ. ਨ. ਸ.): ਪੰਜਾਬ ਵਿੱਚ ਕਣਕ ਦੀ ਵਾਢੀ ਅਤੇ ਸਰਕਾਰੀ ਖ਼ਰੀਦ ਦੇ ਸੀਜ਼ਨ ਨੇ ਪੂਰੀ ਰਫ਼ਤਾਰ ਫੜ ਲਈ ਹੈ, ਪਰ ਖ਼ਰੀਦ ਕੇਂਦਰਾਂ ਵਿੱਚੋਂ ਫ਼ਸਲ ਦੀ ਚੁਕਾਈ (ਲਿਫਟਿੰਗ) ਦੀ ਸੁਸਤ ਰਫ਼ਤਾਰ ਨੇ ਸਰਕਾਰ ਦੇ ਪ੍ਰਬੰਧਾਂ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ। ਤਾਜ਼ਾ ਅੰਕੜਿਆਂ ਅਨੁਸਾਰ ਸੂਬੇ ਦੀਆਂ ਮੰਡੀਆਂ ਵਿੱਚ ਹੁਣ ਤੱਕ ਪਹੁੰਚੀ ਕਣਕ ਵਿੱਚੋਂ ਲਗਭਗ 92 ਫ਼ੀਸਦੀ ਫ਼ਸਲ ਸਰਕਾਰੀ ਏਜੰਸੀਆਂ ਵੱਲੋਂ ਖ਼ਰੀਦੀ ਜਾ ਚੁੱਕੀ ਹੈ, ਪਰ ਮੰਡੀਆਂ ਵਿੱਚੋਂ ਸਿਰਫ਼ 19.4 ਫ਼ੀਸਦੀ ਅਨਾਜ ਦੀ ਹੀ ਲਿਫਟਿੰਗ ਹੋ ਸਕੀ ਹੈ। ਇਸ ਕਾਰਨ ਮੰਡੀਆਂ ਵਿੱਚ ਕਣਕ ਦੀਆਂ ਬੋਰੀਆਂ ਦੇ ਵੱਡੇ-ਵੱਡੇ ਅੰਬਾਰ ਲੱਗ ਗਏ ਹਨ ਅਤੇ ਨਵੀਂ ਫ਼ਸਲ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਆਪਣੀ ਜਿਣਸ ਸੁੱਟਣ ਲਈ ਥਾਂ ਨਹੀਂ ਮਿਲ ਰਹੀ। ਮੰਗਲਵਾਰ ਸ਼ਾਮ ਤੱਕ ਪੰਜਾਬ ਦੀਆਂ ਵੱਖ-ਵੱਖ ਮੰਡੀਆਂ ਵਿੱਚ ਕਣਕ ਦੀ ਆਮਦ 61 ਲੱਖ ਮੀਟ੍ਰਿਕ ਟਨ ਦਾ ਅੰਕੜਾ ਪਾਰ ਕਰ ਗਈ ਹੈ। ਸਰਕਾਰੀ ਅੰਕੜਿਆਂ ਮੁਤਾਬਕ ਮੰਗਲਵਾਰ ਨੂੰ ਹੀ 10.75 ਲੱਖ ਮੀਟ੍ਰਿਕ ਟਨ ਕਣਕ ਮੰਡੀਆਂ ਵਿੱਚ ਪਹੁੰਚੀ, ਜਿਸ ਵਿੱਚੋਂ 10.69 ਲੱਖ ਮੀਟ੍ਰਿਕ ਟਨ ਦੀ ਖ਼ਰੀਦ ਤੁਰੰਤ ਕਰ ਲਈ ਗਈ। ਹੁਣ ਤੱਕ ਕੁੱਲ 56.97 ਲੱਖ ਮੀਟ੍ਰਿਕ ਟਨ ਕਣਕ ਦੀ ਖ਼ਰੀਦ ਹੋ ਚੁੱਕੀ ਹੈ, ਜੋ ਕਿ ਕੁੱਲ ਆਮਦ ਦਾ 92 ਫ਼ੀਸਦੀ ਬਣਦਾ ਹੈ। ਹਾਲਾਂਕਿ, ਚਿੰਤਾ ਵਾਲੀ ਗੱਲ ਇਹ ਹੈ ਕਿ ਇੰਨੀ ਵੱਡੀ ਮਾਤਰਾ ਵਿੱਚ ਖ਼ਰੀਦੀ ਗਈ ਫ਼ਸਲ ਵਿੱਚੋਂ ਹੁਣ ਤੱਕ ਸਿਰਫ਼ 11.1 ਲੱਖ ਮੀਟ੍ਰਿਕ ਟਨ ਕਣਕ ਹੀ ਗੋਦਾਮਾਂ ਤੱਕ ਪਹੁੰਚਾਈ ਜਾ ਸਕੀ ਹੈ।ਮਾਹਿਰਾਂ ਅਤੇ ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਜੇਕਰ ਲਿਫਟਿੰਗ ਦੀ ਰਫ਼ਤਾਰ ਵਿੱਚ ਤੁਰੰਤ ਤੇਜ਼ੀ ਨਾ ਲਿਆਂਦੀ ਗਈ ਤਾਂ ਆਉਣ ਵਾਲੇ ਦਿਨਾਂ ਵਿੱਚ ਹਾਲਾਤ ਹੋਰ ਵੀ ਵਿਗੜ ਸਕਦੇ ਹਨ। ਮੰਡੀਆਂ ਵਿੱਚ ਲਿਫਟਿੰਗ ਨਾ ਹੋਣ ਕਾਰਨ ਲੱਗੀ ਭੀੜ ਨੇ ਆੜ੍ਹਤੀਆਂ ਲਈ ਵੀ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਬਠਿੰਡਾ ਅਤੇ ਆਸ-ਪਾਸ ਦੀਆਂ ਮੰਡੀਆਂ ਵਿੱਚ ਕਣਕ ਦੀਆਂ ਬੋਰੀਆਂ ਸੜਕਾਂ ਦੇ ਕਿਨਾਰੇ ਲਗਾਉਣੀਆਂ ਪੈ ਰਹੀਆਂ ਹਨ।

## ਬੇਅਦਬੀ ਵਿਰੁੱਧ ਪੰਜਾਬ ਸਰਕਾਰ ਦੇ ਨਵੇਂ ਕਾਨੂੰਨ ਨੂੰ ਹਾਈਕੋਰਟ 'ਚ ਚੁਣੌਤੀ

### ਜਲੰਧਰ ਦੇ ਸਿਮਰਨਜੀਤ ਸਿੰਘ ਨੇ ਜਨਹਿਤ ਪਟੀਸ਼ਨ ਕੀਤੀ ਦਾਇਰ

ਚੰਡੀਗੜ੍ਹ, 22 ਅਪ੍ਰੈਲ (ਚ. ਨ. ਸ.): ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਲਾਗੂ ਕੀਤੇ ਗਏ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' (ਪੰਜਾਬ ਐਕਟ ਨੰਬਰ 7, 2026) ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਜਲੰਧਰ ਦੇ ਰਹਿਣ ਵਾਲੇ ਸਮਾਜਿਕ ਕਾਰਕੁਨ ਸਿਮਰਨਜੀਤ ਸਿੰਘ ਵੱਲੋਂ ਦਾਇਰ ਇਸ ਜਨਹਿਤ ਪਟੀਸ਼ਨ ਵਿੱਚ ਇਸ ਐਕਟ ਨੂੰ ਗੈਰ-ਸੰਵਿਧਾਨਕ ਦੱਸਦਿਆਂ ਰੱਦ ਕਰਨ ਦੀ ਮੰਗ ਕੀਤੀ ਗਈ ਹੈ।




ਪਟੀਸ਼ਨਰ ਨੇ ਦਲੀਲ ਦਿੱਤੀ ਹੈ ਕਿ ਇਸ ਐਕਟ ਵਿੱਚ ਉਮਰ ਕੈਦ ਵਰਗੀਆਂ ਸਖ਼ਤ ਸਜ਼ਾਵਾਂ ਸ਼ਾਮਲ ਹਨ, ਜੋ ਕਿ 'ਸਮਵਰਤੀ ਸੂਚੀ' (Concurrent List) ਦਾ ਵਿਸ਼ਾ ਹੈ । ਸੰਵਿਧਾਨ ਦੀ ਧਾਰਾ 254(2) ਅਨੁਸਾਰ, ਅਜਿਹੇ ਕਾਨੂੰਨ ਲਈ ਭਾਰਤ ਦੇ ਰਾਸ਼ਟਰਪਤੀ ਦੀ ਮਨਜ਼ੂਰੀ ਲਾਜ਼ਮੀ ਹੈ, ਜਦੋਂ ਕਿ ਇਸ ਐਕਟ ਨੂੰ ਸਿਰਫ਼ ਰਾਜਪਾਲ ਦੀ ਸਹਿਮਤੀ ਨਾਲ ਹੀ ਨੋਟੀਫਾਈ ਕਰ ਦਿੱਤਾ ਗਿਆ ਹੈ। ਪਟੀਸ਼ਨ ਅਨੁਸਾਰ, ਸਿਰਫ਼ ਇੱਕ ਵਿਸ਼ੇਸ਼ ਧਾਰਮਿਕ ਗ੍ਰੰਥ ਲਈ ਵੱਖਰਾ ਅਤੇ ਸਖ਼ਤ ਅਪਰਾਧਿਕ ਢਾਂਚਾ ਤਿਆਰ ਕਰਨਾ ਸੰਵਿਧਾਨ ਦੇ 'ਧਰਮ ਨਿਰਪੱਖਤਾ' ਦੇ ਮੂਲ ਢਾਂਚੇ ਅਤੇ ਧਾਰਾ 14 (ਬਰਾਬਰੀ ਦਾ ਅਧਿਕਾਰ) ਦੀ ਉਲੰਘਣਾ ਹੈ। ਐਕਟ ਦੀ ਧਾਰਾ 5 (3) ਤਹਿਤ ਬੇਅਦਬੀ ਦੀ ਸਾਜ਼ਿਸ਼ ਲਈ ਉਮਰ ਕੈਦ ਦੀ ਸਜ਼ਾ ਨੂੰ ਪਟੀਸ਼ਨਰ ਨੇ 'ਮਨਮਾਨੀ' ਅਤੇ ਗੈਰ-ਵਾਜਬ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇੱਕ ਗੈਰ-ਹਿੰਸਕ ਅਪਰਾਧ ਲਈ ਕਤਲ ਦੇ ਬਰਾਬਰ ਸਜ਼ਾ ਦੇਣਾ ਤਰਕਹੀਣ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 'ਬੇਅਦਬੀ' ਦੀ ਪਰਿਭਾਸ਼ਾ ਇੰਨੀ ਵਿਆਪਕ ਅਤੇ ਅਸਪਸ਼ਟ ਹੈ ਕਿ ਇਹ ਬੋਲਣ ਦੀ ਆਜ਼ਾਦੀ (ਧਾਰਾ 19) 'ਤੇ ਮਾੜਾ ਪ੍ਰਭਾਵ ਪਾ ਸਕਦੀ ਹੈ। ਪਟੀਸ਼ਨਰ ਨੇ ਅਦਾਲਤ ਤੋਂ ਇਸ ਐਕਟ 'ਤੇ ਤੁਰੰਤ ਅੰਤਰਿਮ ਰੋਕ ਲਗਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਐਕਟ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸੰਸਥਾਵਾਂ ਨੂੰ 45 ਦਿਨਾਂ ਦੇ ਅੰਦਰ ਸਾਰੇ 'ਸਰੂਪਾਂ' ਦਾ ਕੇਂਦਰੀ ਰਜਿਸਟਰ ਤਿਆਰ ਕਰਨ ਦਾ ਹੁਕਮ ਦਿੱਤਾ ਗਿਆ ਹੈ। ਜੇਕਰ ਇਸ ਦੀ ਪਾਲਣਾ ਨਹੀਂ ਹੁੰਦੀ, ਤਾਂ ਸਬੰਧਤ ਪੱਖਾਂ ਨੂੰ ਸਖ਼ਤ ਫੌਜਦਾਰੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਾਈ ਕੋਰਟ ਵੱਲੋਂ ਇਸ ਮਾਮਲੇ 'ਤੇ ਜਲਦੀ ਸੁਣਵਾਈ ਕੀਤੇ ਜਾਣ ਦੀ ਉਮੀਦ ਹੈ।

## ਚੰਡੀਗੜ੍ਹ 'ਚ ਪੁਲਿਸ ਮੁਕਾਬਲੇ ਤੋਂ ਬਾਅਦ ਗੈਂਗਸਟਰ ਕਾਬੂ

### ਗੈਂਗਸਟਰ ਦੀ ਲੱਤ 'ਚ ਲੱਗੀ ਗੋਲੀ, ਹਥਿਆਰ ਤਸਕਰੀ ਦੇ ਕਈ ਮਾਮਲਿਆਂ 'ਚ ਸੀ ਭਾਲ

ਚੰਡੀਗੜ੍ਹ, 22 ਅਪ੍ਰੈਲ (ਚ. ਨ. ਸ.): ਚੰਡੀਗੜ੍ਹ ਪੁਲਿਸ ਦੇ ਅਪਰੇਸ਼ਨ ਸੈਲ ਦੀ ਟੀਮ ਨੇ ਬੁੱਧਵਾਰ ਸਵੇਰੇ ਸੈਕਟਰ-25 ਵਿੱਚੋਂ ਪੁਲਿਸ ਮੁਕਾਬਲੇ ਤੋਂ ਬਾਅਦ ਇੱਕ ਗੈਂਗਸਟਰ ਨੂੰ ਕਾਬੂ ਕੀਤਾ ਹੈ। ਪੁਲਿਸ ਵੱਲੋਂ ਕਾਬੂ ਕੀਤੇ ਗਏ ਗੈਂਗਸਟਰ ਦੀ ਪਛਾਣ ਮੁਕੇਸ਼ ਗੋਲੂ ਵੱਜੋਂ ਹੋਈ ਹੈ, ਜਿਸ ਦੀ ਪੁਲਿਸ ਵੱਲੋਂ ਹਥਿਆਰ ਤਸਕਰੀ ਦੇ ਕਈ ਮਾਮਲਿਆਂ ਵਿੱਚ ਭਾਲ ਕੀਤੀ ਜਾ ਰਹੀ ਸੀ।




ਪ੍ਰਾਪਤ ਜਾਣਕਾਰੀ ਅਨੁਸਾਰ ਚੰਡੀਗੜ੍ਹ ਪੁਲਿਸ ਦੀ ਅਪਰੇਸ਼ਨ ਸੈਲ ਦੀ ਟੀਮ ਨੇ ਅੱਜ ਸਵੇਰੇ ਗੁਪਤ ਸੂਚਨਾ ਦੇ ਅਧਾਰ ਤੇ ਮੁਕੇਸ਼ ਗੋਲੂ ਨੂੰ ਸੈਕਟਰ 25 ਗਰਾਊਂਡ ਦੇ ਨਜ਼ਦੀਕ ਘੇਰਿਆ। ਇਸ ਦੌਰਾਨ ਗੈਂਗਸਟਰ ਵੱਲੋਂ ਪੁਲਿਸ 'ਤੇ ਗੋਲੀਆਂ ਚਲਾਈਆਂ ਗਈਆਂ ਅਤੇ ਪੁਲਿਸ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਦੌਰਾਨ ਇਕ ਗੋਲੀ ਗੋਲੂ ਦੀ ਲੱਤ 'ਤੇ ਲੱਗੀ। ਚੰਡੀਗੜ੍ਹ ਪੁਲਿਸ ਨੇ ਗੋਲੂ ਨੂੰ ਕਾਬੂ ਕਰਕੇ ਇਲਾਜ ਲਈ ਸੈਕਟਰ-16 ਦੇ ਹਸਪਤਾਲ ਵਿੱਚ ਭਰਤੀ ਕਰਵਾ ਦਿੱਤਾ ਹੈ। ਜਿੱਥੇ ਡਾਕਟਰਾਂ ਵੱਲੋਂ ਉਸ ਦਾ ਇਲਾਜ ਕੀਤਾ ਜਾ ਰਿਹਾ। ਪੁਲਿਸ ਟੀਮ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਕਿ ਮੁਕੇਸ਼ ਗੋਲੂ ਪਹਿਲਾਂ ਵੀ ਹਥਿਆਰ ਤਸਕਰੀ ਤੇ ਕਈ ਮਾਮਲਿਆਂ ਵਿੱਚ ਸ਼ਾਮਿਲ ਹੈ ਜਿਸ ਦੀ ਪੁਲਿਸ ਵੱਲੋਂ ਲੰਬੇ ਸਮੇਂ ਤੋਂ ਭਾਲ ਕੀਤੀ ਜਾ ਰਹੀ ਸੀ।

## ਵਿੱਤ ਮੰਤਰੀ ਵੱਲੋਂ ਮੁਲਾਜ਼ਮ ਮੰਗਾਂ 'ਤੇ ਕਾਰਵਾਈ ਦਾ ਭਰੋਸਾ

### ਹਰਪਾਲ ਸਿੰਘ ਚੀਮਾ ਨੇ ਅੱਧਾ ਦਰਜਨ ਮੁਲਾਜ਼ਮ ਯੂਨੀਅਨਾਂ ਨਾਲ ਕੀਤੀਆਂ ਮੀਟਿੰਗਾਂ

ਚੰਡੀਗੜ੍ਹ, 22 ਅਪ੍ਰੈਲ (ਚ. ਨ. ਸ.): ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਮੁਲਾਜ਼ਮ ਅਤੇ ਵਰਕਰਜ਼ ਯੂਨੀਅਨਾਂ ਦੇ ਵਫ਼ਦਾਂ ਨਾਲ ਵੱਖੋ-ਵੱਖਰੀਆਂ ਮੀਟਿੰਗਾਂ ਕੀਤੀਆਂ।



ਵਿੱਤ ਮੰਤਰੀ ਨੇ ਆਰਟ ਐਂਡ ਕਰਾਫਟ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ, ਲਾਲ ਝੰਡਾ ਮਿੱਡ-ਡੇਅ ਮੀਲ ਵਰਕਰਜ਼ ਯੂਨੀਅਨ ਅਤੇ ਡੈਮੋਕਰੈਟਿਕ ਮਿਡ-ਡੇ-ਮੀਲ ਕੁੱਕ ਫਰੰਟ ਦੇ ਵਫ਼ਦਾਂ ਨਾਲ ਵਿਸਤ੍ਰਿਤ ਗੱਲਬਾਤ ਕੀਤੀ। ਇਸ ਤੋਂ ਇਲਾਵਾ ਓਵਰਏਜ ਬੇਰੁਜ਼ਗਾਰ ਅਧਿਆਪਕ ਯੂਨੀਅਨ ਅਤੇ ਪੰਜਾਬ ਨੰਬਰਦਾਰ ਯੂਨੀਅਨ ਦੇ ਨੁਮਾਇੰਦਿਆਂ ਨਾਲ ਵੀ ਵਿਆਪਕ ਵਿਚਾਰ-ਵਟਾਂਦਰਾ ਕੀਤਾ ਗਿਆ। ਵਿੱਤ ਮੰਤਰੀ ਨੇ ਵੱਖੋ-ਵੱਖ ਜਥੇਬੰਦੀਆਂ ਦੀਆਂ ਮੰਗਾਂ ਨੂੰ ਵਿਸਥਾਰ ਨਾਲ ਸੁਣਿਆ ਅਤੇ ਜਾਇਜ਼ ਮਸਲਿਆਂ ਦੇ ਜਲਦੀ ਹੱਲ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਨ ਅਤੇ ਵਿੱਤੀ ਪ੍ਰਵਾਨਗੀ ਦੀ ਲੋੜ ਵਾਲੇ ਮਾਮਲਿਆਂ ਵਿੱਚ ਤਜਵੀਜ਼ਾਂ ਭੇਜਣ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਆਰਟ ਐਂਡ ਕਰਾਫਟ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਤੋਂ ਹਰਜਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ, ਲਾਲ ਝੰਡਾ ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਤੋਂ ਜਸਮੇਲ ਕੌਰ ਬੀਰਕਲਾਂ, ਖੁਸ਼ਪ੍ਰੀਤ ਕੌਰ ਅਤੇ ਦੇਵ ਰਾਜ ਵਰਮਾ, ਡੈਮੋਕਰੈਟਿਕ ਮਿਡ-ਡੇ-ਮੀਲ ਕੁੱਕ ਫਰੰਟ ਤੋਂ ਹਰਜਿੰਦਰ ਕੌਰ, ਸਿਮਰਜੀਤ ਕੌਰ, ਮੁਕੇਸ਼ ਰਾਣੀ ਅਤੇ ਜ਼ੈਲ ਕੌਰ, ਓਵਰਏਜ ਬੇਰੁਜ਼ਗਾਰ ਅਧਿਆਪਕ ਯੂਨੀਅਨ ਤੋਂ ਰਮਨ ਕੁਮਾਰ ਮਲੋਟ ਤੇ ਲਲਿਤਾ ਅਤੇ ਪੰਜਾਬ ਨੰਬਰਦਾਰ ਯੂਨੀਅਨ ਤੋਂ ਗੁਰਪਾਲ ਸਿੰਘ ਸਮਰਾ, ਰਛਪਾਲ ਸਿੰਘ, ਸੁਰਜੀਤ ਸਿੰਘ ਅਤੇ ਗੁਰਦਰਸ਼ਨ ਸਿੰਘ ਨੇ ਆਪੋ-ਆਪਣੀਆਂ ਮੰਗਾਂ ਉਠਾਈਆਂ।

## ਸੂਬੇ 'ਚ ਸਾਉਣੀ ਦੀ ਫ਼ਸਲ ਲਈ ਖਾਦ ਦਾ ਬਣ ਸਕਦੈ ਸੰਕਟ

ਚੰਡੀਗੜ੍ਹ, 22 ਅਪ੍ਰੈਲ (ਚ. ਨ. ਸ.): ਪੰਜਾਬ 'ਚ ਇਸ ਵਾਰ ਸਾਉਣੀ ਦੀ ਫ਼ਸਲ ਲਈ ਖਾਦ ਦਾ ਸੰਕਟ ਬਣ ਸਕਦਾ ਹੈ ਕਿਉਂਕਿ ਅਮਰੀਕਾ-ਇਰਾਨ ਜੰਗ ਕਾਰਨ ਖਾਦ ਦੀ ਸਪਲਾਈ ਠੱਪ ਹੈ। ਸੂਬੇ ਦੀਆਂ ਪੇਂਡੂ ਸਹਿਕਾਰੀ ਸਭਾਵਾਂ 'ਚ ਬੇਸ਼ੱਕ ਯੂਰੀਆ ਦਾ ਅਗਾਊਂ ਭੰਡਾਰ ਪਹੁੰਚ ਗਿਆ ਹੈ ਪਰ ਲੋੜ ਅਨੁਸਾਰ ਇਸ ਦੀ ਮਾਤਰਾ ਘੱਟ ਹੈ। ਸਾਉਣੀ ਦੀ ਫ਼ਸਲ ਲਈ 16 ਲੱਖ ਮੀਟ੍ਰਿਕ ਟਨ ਯੂਰੀਆ ਦੀ ਲੋੜ ਹੋਵੇਗੀ ਪਰ ਮੱਧ ਮਾਰਚ ਤੱਕ 4.80 ਲੱਖ ਮੀਟ੍ਰਿਕ ਟਨ ਯੂਰੀਆ ਪੰਜਾਬ 'ਚ ਆਇਆ ਹੈ।

ਪੰਜਾਬ 'ਚ ਕੁੱਲ 3520 ਪੇਂਡੂ ਸਹਿਕਾਰੀ ਸਭਾਵਾਂ ਹਨ ਜਿਨ੍ਹਾਂ ਨੂੰ 75 ਫ਼ੀਸਦ ਖਾਦ ਦੀ ਸਪਲਾਈ ਮਾਰਕਫੈੱਡ ਦਿੰਦਾ ਹੈ ਅਤੇ 25 ਫ਼ੀਸਦ ਸਪਲਾਈ ਇਫਕੋ ਤੋਂ ਹੁੰਦੀ ਹੈ। ਸੂਬੇ 'ਚ ਝੋਨੇ ਦੀ ਲਵਾਈ ਦੇ ਨਾਲ ਹੀ ਕਰੀਬ 15 ਜੂਨ ਤੋਂ ਯੂਰੀਆ ਦੀ ਮੰਗ ਸ਼ੁਰੂ ਹੋ ਜਾਣੀ ਹੈ ਪਰ ਅਗੇਤੇ ਪ੍ਰਬੰਧਾਂ ਤੋਂ ਸੰਕੇਤ ਮਿਲ ਰਹੇ ਹਨ ਕਿ ਪੱਛਮੀ ਏਸ਼ੀਆ ਦੀ ਜੰਗ ਕਾਰਨ ਖਾਦ ਦਾ ਸੰਕਟ ਝੱਲਣਾ ਪੈ ਸਕਦਾ ਹੈ। ਮਾਰਕਫੈੱਡ ਨੇ ਸਹਿਕਾਰੀ ਸਭਾਵਾਂ ਨੂੰ ਹੁਣ ਤੱਕ ਦੋ ਲੱਖ ਮੀਟ੍ਰਿਕ ਟਨ ਅਤੇ ਇਫਕੋ ਨੇ ਡੇਢ ਲੱਖ ਟਨ ਯੂਰੀਆ ਸਪਲਾਈ ਕੀਤਾ ਹੈ। ਕਰੀਬ 15 ਹਜ਼ਾਰ ਮੀਟ੍ਰਿਕ ਟਨ ਡੀ ਏ ਪੀ ਸਹਿਕਾਰੀ ਸਭਾਵਾਂ ਨੂੰ ਸਪਲਾਈ ਹੋਈ ਹੈ।

ਪੇਂਡੂ ਸਹਿਕਾਰੀ ਸਭਾਵਾਂ ਮੁਲਾਜ਼ਮ ਯੂਨੀਅਨ ਦੇ ਸੂਬਾ ਪ੍ਰਧਾਨ ਬਹਾਦਰ ਸਿੰਘ ਨੇ ਕਿਹਾ ਕਿ ਪਿਛਲੇ ਸਾਲ ਮੁਕਾਬਲੇ ਖਾਦ ਦੀ ਅਗੇਤੀ ਸਪਲਾਈ 'ਚ ਸੁਧਾਰ ਹੈ ਪਰ ਸਭਾਵਾਂ ਨੂੰ ਜੋ ਅਗੇਤਾ ਭੰਡਾਰ ਲੋੜੀਂਦਾ ਹੈ, ਉਸ ਮੁਕਾਬਲੇ 30 ਫ਼ੀਸਦੀ ਭੰਡਾਰ ਘੱਟ ਹੈ। ਹਰ ਸਹਿਕਾਰੀ ਸਭਾ ਕੋਲ ਇੱਕ-ਇੱਕ ਗੱਡੀ ਯੂਰੀਆ ਆ ਚੁੱਕਾ ਹੈ। ਮੱਕੀ ਵਾਲੇ ਕਿਸਾਨ ਯੂਰੀਆ ਲੈ ਗਏ ਹਨ ਅਤੇ ਡੇਢ ਮਹੀਨੇ ਬਾਅਦ ਝੋਨਾ ਕਾਸ਼ਤਕਾਰਾਂ ਨੂੰ ਲੋੜ ਪਵੇਗੀ। ਜ਼ਿਲ੍ਹਾ ਕਪੂਰਥਲਾ ਦੇ ਪਿੰਡ ਸੈਦਵਾਨ ਦੇ ਕਿਸਾਨ ਹਰਜਿੰਦਰ ਸਿੰਘ ਨੇ ਦੱਸਿਆ ਕਿ ਉਸ ਨੂੰ ਮੱਕੀ ਵਾਸਤੇ ਯੂਰੀਆ ਲੈਣ ਲਈ ਬਹੁਤ ਪਾਪੜ ਵੇਲਣੇ ਪਏ ਅਤੇ ਝੋਨੇ ਵਾਸਤੇ ਯੂਰੀਆ ਦੀ ਲੋੜ ਪੈਣੀ ਹੈ।

## ਸਰਕਾਰ ਵੱਲੋਂ ਗਰੁੱਪ-ਡੀ ਮੁਲਾਜ਼ਮਾਂ ਨੂੰ ਕਣਕ ਖਰੀਦਣ ਲਈ ਮਿਲੇਗਾ ਵਿਆਜ ਮੁਕਤ ਕਰਜ਼ : ਹਰਪਾਲ ਸਿੰਘ ਚੀਮਾ

### ਮੁਲਾਜ਼ਮਾਂ ਨੂੰ 29 ਮਈ ਤੱਕ ਕਰਜ਼ੇ ਦੀ ਰਕਮ ਕਢਵਾਉਣ ਦਾ ਅਧਿਕਾਰ

ਚੰਡੀਗੜ੍ਹ, 22 ਅਪ੍ਰੈਲ (ਚ.ਨ.ਸ.) : ਮੁਲਾਜ਼ਮਾਂ ਦੀ ਭਲਾਈ ਵੱਲ ਇੱਕ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਨੇ ਸੂਬੇ ਭਰ ਦੇ ਗਰੁੱਪ-ਡੀ ਮੁਲਾਜ਼ਮਾਂ ਲਈ ਕਣਕ ਦੀ ਖਰੀਦ ਵਾਸਤੇ ਵਿਆਜ ਮੁਕਤ ਕਰਜ਼ੇ ਨੂੰ ਮਨਜ਼ੂਰੀ ਦੇ ਦਿੱਤੀ ਹੈ, ਤਾਂ ਜੋ ਘਰੇਲੂ ਖਪਤ ਦੀਆਂ ਜ਼ਰੂਰੀ ਲੋੜਾਂ ਲਈ ਵਿੱਤੀ ਸਹਾਇਤਾ ਯਕੀਨੀ ਬਣਾਈ ਜਾ ਸਕੇ। ਇਸ ਫੈਸਲੇ ਦਾ ਐਲਾਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, 'ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਯੋਗ ਗਰੁੱਪ-ਡੀ ਮੁਲਾਜ਼ਮਾਂ ਨੂੰ ਖਾਸ ਤੌਰ 'ਤੇ ਕਣਕ ਦੀ ਖਰੀਦ ਲਈ ਘੱਟੋ-ਘੱਟ 10,340 ਰੁਪਏ ਦੀ ਵਿਆਜ ਮੁਕਤ ਕਰਜ਼ਾ ਰਾਸ਼ੀ ਪ੍ਰਦਾਨ ਕਰਨਾ ਉਚਿਤ ਹੈ। ਇਸ ਵਿੱਤੀ ਸਹਾਇਤਾ ਦੀ ਗਣਨਾ ਸਰਕਾਰ ਵੱਲੋਂ ਪ੍ਰਤੀ ਪਰਿਵਾਰ ਔਸਤਨ ਚਾਰ ਕੁਇੰਟਲ ਕਣਕ ਦੀ ਖਪਤ ਦੇ ਤੈਅ ਮਾਪਦੰਡ 'ਤੇ ਆਧਾਰਿਤ ਹੈ।' ਲਾਗੂ ਕਰਨ ਦੀ ਸਮਾਂ ਸੀਮਾ ਅਤੇ ਬਜਟ ਸਹਾਇਤਾ ਬਾਰੇ ਚਾਨਣਾ ਪਾਉਂਦਿਆਂ, ਵਿੱਤ ਮੰਤਰੀ ਨੇ ਅੱਗੇ ਕਿਹਾ, 'ਇਹ ਮੁਲਾਜ਼ਮ 29 ਮਈ, 2026 ਤੱਕ ਸਰਕਾਰੀ ਖਜ਼ਾਨੇ ਵਿੱਚੋਂ ਕਰਜ਼ੇ ਦੀ ਇਸ ਰਕਮ ਨੂੰ ਕਢਵਾਉਣ ਦੇ ਅਧਿਕਾਰਤ ਹੋਣਗੇ। ਇਸ ਭਲਾਈ ਉਪਰਾਲੇ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ, ਵਿੱਤੀ ਸਾਲ 2026-27 ਲਈ 15 ਕਰੋੜ ਰੁਪਏ ਦੇ ਵਿਸ਼ੇਸ਼ ਬਜਟ ਦੀ ਵਿਵਸਥਾ ਕੀਤੀ ਗਈ ਹੈ।' ਕਰਜ਼ੇ ਦੀ ਵਾਪਸੀ ਵਿਧੀ ਬਾਰੇ ਵਿਸਥਾਰ ਨਾਲ ਦੱਸਦਿਆਂ, ਉਨ੍ਹਾਂ ਜ਼ੋਰ ਦਿੱਤਾ ਕਿ ਇਸ ਢਾਂਚੇ ਨੂੰ ਇਸ ਤਰ੍ਹਾਂ ਉਲੀਕਿਆ ਗਿਆ ਹੈ ਤਾਂ ਜੋ ਮੁਲਾਜ਼ਮਾਂ 'ਤੇ ਵਿੱਤੀ ਬੋਝ ਨੂੰ ਘੱਟ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕਰਜ਼ੇ ਦੀ ਵਸੂਲੀ ਪ੍ਰਕਿਰਿਆ ਨੂੰ ਮੁਲਾਜ਼ਮਾਂ 'ਤੇ ਵਿੱਤੀ ਬੋਝ ਘਟਾਉਣ ਲਈ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਕਟੌਤੀ ਅੱਠ ਮਹੀਨਾਵਾਰ ਕਿਸ਼ਤਾਂ ਰਾਹੀਂ ਕੀਤੀ ਜਾਵੇਗੀ। ਇਹ ਕਿਸ਼ਤਾਂ ਜੂਨ ਮਹੀਨੇ ਦੀ ਤਨਖਾਹ, ਜੋ ਜੁਲਾਈ ਵਿੱਚ ਅਦਾ ਕੀਤੀ ਜਾਂਦੀ ਹੈ, ਤੋਂ ਸ਼ੁਰੂ ਹੋਣਗੀਆਂ, ਜਿਸ ਨਾਲ ਇਹ ਯਕੀਨੀ ਬਣੇਗਾ ਕਿ ਚਾਲੂ ਵਿੱਤੀ ਸਾਲ ਦੇ ਮੁਕੰਮਲ ਹੋਣ ਤੋਂ ਪਹਿਲਾਂ ਕਰਜ਼ੇ ਦੀ ਪੂਰੀ ਵਸੂਲੀ ਹੋ ਜਾਵੇ। ਸਰਕਾਰ ਦੀ ਮੁਲਾਜ਼ਮ-ਪੱਖੀ ਪਹੁੰਚ ਦੀ ਮੁੜ ਪੁਸ਼ਟੀ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪ੍ਰਸ਼ਾਸਨ ਦੀ ਵਿਆਪਕ ਵਚਨਬੱਧਤਾ ਨੂੰ ਉਜਾਗਰ ਕੀਤਾ। ਉਨ੍ਹਾਂ ਅੱਗੇ ਕਿਹਾ, 'ਸਾਡੇ ਮੁਲਾਜ਼ਮਾਂ ਦੀ ਭਲਾਈ ਸਾਡੀ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ, ਅਤੇ ਅਸੀਂ ਉਨ੍ਹਾਂ ਦੀ ਸਹਾਇਤਾ ਅਤੇ ਵਿੱਤੀ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਵਾਲੇ ਉਪਰਾਲਿਆਂ ਨੂੰ ਬਰਕਰਾਰ ਰੱਖਣ ਲਈ ਨਿਰੰਤਰ ਯਤਨਸ਼ੀਲ ਰਹਾਂਗੇ।

## ਲੱਖਾਂ ਦੇ ਬਿਲ ਵਾਲੇ ਮਰੀਜ਼ ਹੁਣ ਬਿਨਾਂ ਕੋਈ ਭੁਗਤਾਨ ਕੀਤੇ ਹਸਪਤਾਲ ਤੋਂ ਲੈ ਰਹੇ ਨੇ ਇਲਾਜ : ਡਾ. ਬਲਬੀਰ ਸਿੰਘ

ਚੰਡੀਗੜ੍ਹ, 22 ਅਪ੍ਰੈਲ (ਚ. ਨ. ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦਾ ਸਿਹਤ ਖੇਤਰ ਇੱਕ ਕ੍ਰਾਂਤੀਕਾਰੀ ਬਦਲਾਅ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਪੰਜਾਬ ਸਰਕਾਰ ਦੇ ਵਾਅਦੇ ਅਨੁਸਾਰ ਹਰ ਪਰਿਵਾਰ ਨੂੰ ਸੁਖਾਲੀਆਂ, ਕਿਫਾਇਤੀ ਅਤੇ ਸਨਮਾਨਜਨਕ ਸਿਹਤ ਸੇਵਾਵਾਂ ਮਿਲ ਰਹੀਆਂ ਹਨ। ਕਈ ਸਾਲਾਂ ਤੋਂ ਉੱਚ ਇਲਾਜ ਦਰਾਂ ਕਾਰਨ ਮਰੀਜ਼ ਇਲਾਜ ਵਿੱਚ ਦੇਰੀ ਲਈ ਮਜ਼ਬੂਰ ਹੁੰਦੇ ਰਹੇ, ਮੈਡੀਕਲ ਟੈਸਟਾਂ ਨੂੰ ਟਾਲਦੇ ਰਹੇ ਜਾਂ ਦਵਾਈਆਂ ਅੱਧ-ਵਿਚਕਾਰ ਹੀ ਛੱਡ ਦਿੰਦੇ ਸਨ, ਜਿਸ ਨਾਲ ਪਰਿਵਾਰ ਕਰਜ਼ੇ ਹੇਠ ਆ ਜਾਂਦੇ ਸਨ ਅਤੇ ਸਿਹਤ ਨਤੀਜੇ ਵੀ ਪ੍ਰਭਾਵਿਤ ਹੁੰਦੇ ਸਨ। ਇਹ ਹਾਲਤ, ਜੋ ਸ਼ਹਿਰੀ ਅਤੇ ਪੇਂਡੂ ਦੋਹਾਂ ਖੇਤਰਾਂ ਵਿੱਚ ਵਿਆਪਕ ਸੀ, ਹੁਣ ਹੌਲੀ-ਹੌਲੀ ਬਦਲ ਰਹੀ ਹੈ। ਇਸ ਬਦਲਾਅ ਦੇ ਕੇਂਦਰ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਹੈ, ਜੋ ਭਗਵੰਤ ਮਾਨ ਸਰਕਾਰ ਦੀ ਪ੍ਰਮੁੱਖ ਪਹਿਲ ਹੈ ਅਤੇ ਤੇਜ਼ੀ ਨਾਲ ਲੋਕਾਂ ਦੀ ਸਿਹਤ ਸੇਵਾਵਾਂ ਤੱਕ ਪਹੁੰਚ ਨੂੰ ਵਧਾ ਰਹੀ ਹੈ। ਸਿਰਫ਼ ਤਿੰਨ ਮਹੀਨਿਆਂ ਵਿੱਚ 40 ਲੱਖ ਤੋਂ ਵੱਧ ਹੈਲਥ -ਕਾਰਡ ਜਾਰੀ ਕੀਤੇ ਜਾ ਚੁੱਕੇ ਹਨ, ਜੋ ਹਰ ਪਰਿਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਕਵਰ ਦਿੰਦੇ ਹਨ। ਇਸ ਯੋਜਨਾ ਨੂੰ ਵੱਡੀ ਪੱਧਰ 'ਤੇ ਅਪਣਾਉਣ ਤੋਂ ਇਸਦੀ ਲੋੜ ਅਤੇ ਇਸ਼ ਵਿੱਚ ਲੋਕਾਂ ਦੇ ਭਰੋਸੇ ਦਾ ਪਤਾ ਚੱਲਦਾ ਹੈ। 21 ਅਪ੍ਰੈਲ ਨੂੰ 28,766 ਰਜਿਸਟ੍ਰੇਸ਼ਨ ਹੋਏ, ਜੋ ਇਹ ਸੰਕੇਤ ਦਿੰਦੇ ਹਨ ਕਿ ਸਿਹਤ ਪ੍ਰਣਾਲੀ ਹੁਣ ਹੋਰ ਜ਼ਿਆਦਾ ਜਵਾਬਦੇਹ, ਸਮਾਵੇਸ਼ੀ ਅਤੇ ਲੋਕ-ਕੇਂਦ੍ਰਿਤ ਬਣ ਰਹੀ ਹੈ।

ਜ਼ਿਲ੍ਹਿਆਂ ਵਿੱਚ ਇਸ ਯੋਜਨਾ ਦਾ ਸਕਾਰਾਤਮਕ ਪ੍ਰਭਾਵ ਸਪੱਸ਼ਟ ਦਿਖਾਈ ਦੇ ਰਿਹਾ ਹੈ। ਲੁਧਿਆਣਾ 4.20 ਲੱਖ ਕਾਰਡਾਂ ਨਾਲ ਸਭ ਤੋਂ ਅੱਗੇ ਹੈ, ਇਸ ਤੋਂ ਬਾਅਦ ਪਟਿਆਲਾ (3.82 ਲੱਖ) ਅਤੇ ਜਲੰਧਰ (2.85 ਲੱਖ) ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਇਸ ਯੋਜਨਾ ਦੀ ਪਹੁੰਚ ਸਿਰਫ਼ ਵੱਡੇ ਸ਼ਹਿਰਾਂ ਤੱਕ ਸੀਮਿਤ ਨਹੀਂ ਰਹੀ। ਹੁਸ਼ਿਆਰਪੁਰ, ਅੰਮ੍ਰਿਤਸਰ, ਮਾਨਸਾ, ਫਾਜ਼ਿਲਕਾ ਅਤੇ ਬਰਨਾਲਾ ਵਰਗੇ ਟਾਇਰ-2 ਅਤੇ ਟਾਇਰ-3 ਜ਼ਿਲ੍ਹਿਆਂ ਵਿੱਚ ਵੀ ਇਸਦੀ ਵਰਤੋਂ ਲਗਾਤਾਰ ਵਧ ਰਹੀ ਹੈ, ਜੋ ਦਰਸਾਉਂਦੀ ਹੈ ਕਿ ਸਰਕਾਰ ਦੀ ਇਹ ਸਿਹਤ ਪਹਿਲ ਛੋਟੇ ਕਸਬਿਆਂ ਤੱਕ ਤੇਜ਼ੀ ਨਾਲ ਪਹੁੰਚ ਰਹੀ ਹੈ, ਜਿੱਥੇ ਇਸਦੀ ਸਭ ਤੋਂ ਵੱਧ ਲੋੜ ਸੀ।

ਇਸ ਬਦਲਾਅ ਦੀ ਸਭ ਤੋਂ ਵੱਡੀ ਪੁਸ਼ਟੀ ਜ਼ਮੀਨੀ ਪੱਧਰ ਤੋਂ ਦਿਖਾਈ ਦੇ ਰਹੀ ਹੈ। ਸਬ-ਡਿਵਿਜ਼ਨਲ ਹਸਪਤਾਲ ਖੰਨਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਮਨਿੰਦਰ ਸਿੰਘ ਭਸੀਨ ਕਹਿੰਦੇ ਹਨ, ਸਿਹਤ ਸੇਵਾ ਕਿਸੇ ਵਿਸ਼ੇਸ਼ ਅਧਿਕਾਰ ਵਾਂਗ ਨਹੀਂ ਹੋਣੀ ਚਾਹੀਦੀ। ਪਹਿਲਾਂ ਕਵਰੇਜ ਸੀਮਿਤ ਸੀ, ਪਰ ਹੁਣ ਹਰ ਨਿਵਾਸੀ ਨੂੰ ਸ਼ਾਮਲ ਕੀਤਾ ਗਿਆ ਹੈ। ਉਹ ਅੱਗੇ ਦੱਸਦੇ ਹਨ, ਹਾਲੀਆ ਮਹੀਨਿਆਂ ਵਿੱਚ ਅਸੀਂ 200 ਤੋਂ ਵੱਧ ਗਾਲਬਲੈਡਰ (ਪਿੱਤੇ ਦੀਆਂ) ਸਰਜਰੀਆਂ ਕੀਤੀਆਂ ਹਨ। ਆਮ ਤੌਰ 'ਤੇ ਇਸਦੀ ਲਾਗਤ 40,000 ਤੋਂ ?80,000 ਰੁਪਏ ਹੁੰਦੀ ਹੈ, ਪਰ ਮਰੀਜ਼ਾਂ ਨੂੰ ਇਸ ਯੋਜਨਾ ਅਧੀਨ ਕੋਈ ਭੁਗਤਾਨ ਨਹੀਂ ਕਰਨਾ ਪਿਆ। ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਯੋਜਨਾ ਦੇ ਉਦੇਸ਼ ਬਾਰੇ ਗੱਲ ਕਰਦਿਆਂ ਕਿਹਾ ਕਿ ਸਿਹਤ ਸੇਵਾ ਮਰੀਜ਼ ਦੀ ਭੁਗਤਾਨ ਸਮਰੱਥਾ 'ਤੇ ਨਿਰਭਰ ਨਹੀਂ ਹੋਣੀ ਚਾਹੀਦੀ। ਮੁੱਖ ਮੰਤਰੀ ਸਿਹਤ ਯੋਜਨਾ ਹੇਠ ਹਰ ਪਰਿਵਾਰ ਨੂੰ ਸਾਲਾਨਾ 10 ਲੱਖ ਤੱਕ ਦਾ ਕਵਰ ਮਿਲ ਰਿਹਾ ਹੈ। ਸਾਡਾ ਉਦੇਸ਼ ਹੈ ਕਿ ਬਿਨਾਂ ਕਿਸੇ ਆਰਥਿਕ ਬੋਝ ਦੇ ਹਰ ਘਰ-ਪਰਿਵਾਰ ਤੱਕ ਮਿਆਰੀ ਇਲਾਜ ਪਹੁੰਚੇ।

## ਕਣਕ ਦੀ ਨਾੜ ਨੂੰ ਅੱਗ ਲਾਉਣ ਦੀਆਂ ਘਟਨਾਵਾਂ 'ਚ ਵਾਧਾ, ਇੱਕੋ ਦਿਨ 14 ਨਵੇਂ ਮਾਮਲੇ ਆਏ ਸਾਹਮਣੇ

ਚੰਡੀਗੜ੍ਹ, 22 ਅਪ੍ਰੈਲ (ਚ. ਨ. ਸ.): ਪੰਜਾਬ ਵਿੱਚ ਕਣਕ ਦੀ ਵਾਢੀ ਦੇ ਚੱਲਦਿਆਂ ਖੇਤਾਂ ਵਿੱਚ ਨਾੜ (ਫਸਲੀ ਰਹਿੰਦ-ਖੂੰਹਦ) ਨੂੰ ਅੱਗ ਲਾਉਣ ਦੇ ਮਾਮਲਿਆਂ ਵਿੱਚ ਤੇਜ਼ੀ ਦੇਖਣ ਨੂੰ ਮਿਲ ਰਹੀ ਹੈ। ਮੰਗਲਵਾਰ ਨੂੰ ਸੂਬੇ ਵਿੱਚ ਪਰਾਲੀ ਫੂਕਣ ਦੀਆਂ 14 ਨਵੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ। ਇਹ ਲਗਾਤਾਰ ਦੂਜਾ ਦਿਨ ਹੈ ਜਦੋਂ ਅੱਗ ਲੱਗਣ ਦੇ ਮਾਮਲੇ ਦਹਾਈ ਦੇ ਅੰਕੜੇ ਨੂੰ ਪਾਰ ਕਰ ਗਏ ਹਨ। ਇਨ੍ਹਾਂ ਤਾਜ਼ਾ ਮਾਮਲਿਆਂ ਦੇ ਨਾਲ ਹੀ ਚਾਲੂ ਸੀਜ਼ਨ ਦੌਰਾਨ ਪੰਜਾਬ ਵਿੱਚ ਖੇਤਾਂ ਨੂੰ ਅੱਗ ਲਾਉਣ ਦੀ ਕੁੱਲ ਗਿਣਤੀ ਵਧ ਕੇ 44 ਹੋ ਗਈ ਹੈ। ਹਾਲਾਂਕਿ, ਗੁਆਂਢੀ ਰਾਜਾਂ ਦੇ ਮੁਕਾਬਲੇ ਪੰਜਾਬ ਵਿੱਚ ਫਿਲਹਾਲ ਇਹ ਅੰਕੜਾ ਘੱਟ ਨਜ਼ਰ ਆ ਰਿਹਾ ਹੈ, ਪਰ ਵਾਢੀ ਦੇ ਜ਼ੋਰ ਫੜਨ ਨਾਲ ਆਉਣ ਵਾਲੇ ਦਿਨਾਂ ਵਿੱਚ ਇਨ੍ਹਾਂ ਘਟਨਾਵਾਂ ਦੇ ਵਧਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਸੈਟੇਲਾਈਟ ਰਾਹੀਂ ਪ੍ਰਾਪਤ ਅੰਕੜਿਆਂ ਅਨੁਸਾਰ, ਇਸ ਵੇਲੇ ਪੂਰੇ ਦੇਸ਼ ਵਿੱਚ ਮੱਧ ਪ੍ਰਦੇਸ਼ ਖੇਤਾਂ ਦੀ ਅੱਗ ਦੇ ਮਾਮਲੇ ਵਿੱਚ ਸਭ ਤੋਂ ਅੱਗੇ ਚੱਲ ਰਿਹਾ ਹੈ। ਮੰਗਲਵਾਰ ਨੂੰ ਪੰਜ ਰਾਜਾਂ ਵਿੱਚ ਕੁੱਲ 2,258 ਮਾਮਲੇ ਦਰਜ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਇਕੱਲੇ ਮੱਧ ਪ੍ਰਦੇਸ਼ ਵਿੱਚ 1,252 ਘਟਨਾਵਾਂ ਵਾਪਰੀਆਂ ਹਨ। ਇਸ ਸੀਜ਼ਨ ਵਿੱਚ ਮੱਧ ਪ੍ਰਦੇਸ਼ ਵਿੱਚ ਹੁਣ ਤੱਕ ਕੁੱਲ 20,164 ਮਾਮਲੇ ਸਾਹਮਣੇ ਆ ਚੁੱਕੇ ਹਨ। ਇਹ ਅੰਕੜਾ ਦੇਸ਼ ਭਰ ਵਿੱਚ ਦਰਜ ਕੀਤੇ ਗਏ ਕੁੱਲ 29,167 ਮਾਮਲਿਆਂ ਦਾ ਲਗਭਗ 69 ਫੀਸਦੀ ਤੋਂ ਵੱਧ ਬਣਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਮੱਧ ਪ੍ਰਦੇਸ਼ ਵਿੱਚ ਵਾਢੀ ਦਾ ਸੀਜ਼ਨ ਪੰਜਾਬ ਨਾਲੋਂ ਜਲਦੀ ਸ਼ੁਰੂ ਹੋਣ ਕਾਰਨ ਉੱਥੇ ਅੰਕੜੇ ਵੱਡੇ ਦਿਖਾਈ ਦੇ ਰਹੇ ਹਨ। ਪੰਜਾਬ ਵਿੱਚ ਪਿਛਲੇ ਕੁਝ ਦਿਨਾਂ ਤੋਂ ਤਾਪਮਾਨ ਵਿੱਚ ਹੋਏ ਵਾਧੇ ਕਾਰਨ ਕਣਕ ਦੀ ਵਾਢੀ ਨੇ ਤੇਜ਼ੀ ਫੜੀ ਹੈ। ਅੰਕੜਿਆਂ ਮੁਤਾਬਕ ਮੰਗਲਵਾਰ ਨੂੰ ਆਏ 14 ਮਾਮਲਿਆਂ ਨੇ ਪ੍ਰਸ਼ਾਸਨ ਦੀ ਚਿੰਤਾ ਵਧਾ ਦਿੱਤੀ ਹੈ। 'ਕ੍ਰੀਮਸ' ਸੰਸਥਾ ਦੀ ਰਿਪੋਰਟ ਅਨੁਸਾਰ, ਸਾਲ 2022 ਤੋਂ ਲੈ ਕੇ 21 ਅਪ੍ਰੈਲ 2026 ਤੱਕ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪੰਜਾਬ ਵਿੱਚ ਹੁਣ ਤੱਕ ਕੁੱਲ 48,021 ਮਾਮਲੇ ਦਰਜ ਹੋਏ ਹਨ। ਹਾਲਾਂਕਿ, ਇਸ ਸੂਚੀ ਵਿੱਚ ਮੱਧ ਪ੍ਰਦੇਸ਼ 1.14 ਲੱਖ ਮਾਮਲਿਆਂ ਨਾਲ ਪਹਿਲੇ ਅਤੇ ਉੱਤਰ ਪ੍ਰਦੇਸ਼ 54,880 ਮਾਮਲਿਆਂ ਨਾਲ ਦੂਜੇ ਨੰਬਰ 'ਤੇ ਹੈ। ਪੰਜਾਬ ਇਸ ਸੂਚੀ ਵਿੱਚ ਤੀਜੇ ਸਥਾਨ 'ਤੇ ਬਣਿਆ ਹੋਇਆ ਹੈ। ਹਰਿਆਣਾ ਵਿੱਚ ਹੁਣ ਤੱਕ 9,834 ਅਤੇ ਦਿੱਲੀ ਵਿੱਚ ਸਿਰਫ 121 ਮਾਮਲੇ ਦਰਜ ਕੀਤੇ ਗਏ ਹਨ। ਖੇਤੀਬਾੜੀ ਮਾਹਿਰਾਂ ਅਤੇ ਵਾਤਾਵਰਣ ਪ੍ਰੇਮੀਆਂ ਵੱਲੋਂ ਵਾਰ-ਵਾਰ ਕਿਸਾਨਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਕਣਕ ਦੀ ਨਾੜ ਨੂੰ ਅੱਗ ਨਾ ਲਗਾਉਣ। ਨਾੜ ਨੂੰ ਅੱਗ ਲਗਾਉਣ ਨਾਲ ਨਾ ਸਿਰਫ਼ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ, ਸਗੋਂ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਘਟਦੀ ਹੈ ਅਤੇ ਮਿੱਤਰ ਕੀੜੇ ਮਰ ਜਾਂਦੇ ਹਨ। ਪ੍ਰਸ਼ਾਸਨ ਵੱਲੋਂ ਨਾੜ ਪ੍ਰਬੰਧਨ ਲਈ ਮਸ਼ੀਨਰੀ 'ਤੇ ਸਬਸਿਡੀਆਂ ਦਿੱਤੀਆਂ ਜਾ ਰਹੀਆਂ ਹਨ, ਪਰ ਕਈ ਥਾਵਾਂ 'ਤੇ ਕਿਸਾਨ ਅਜੇ ਵੀ ਰਵਾਇਤੀ ਤਰੀਕੇ ਨਾਲ ਅੱਗ ਲਗਾਉਣ ਨੂੰ ਤਰਜੀਹ ਦੇ ਰਹੇ ਹਨ ਤਾਂ ਜੋ ਅਗਲੀ ਫ਼ਸਲ ਲਈ ਖੇਤ ਜਲਦੀ ਤਿਆਰ ਕੀਤਾ ਜਾ ਸਕੇ।

# ਪਟੇਲ ਕਾਲਜ ਦੇ ਵਿਦਿਆਰਥੀਆਂ ਨੇ ਇਤਿਹਾਸਕ ਬਾਬਾ ਬਰੋਟੀ ਮੰਦਰ ਚੋਲਟੀ ਖੇੜੀ ਦਾ ਵਿੱਦਿਅਕ ਦੌਰਾ ਕੀਤਾ




ਰਾਜਪੁਰਾ, 22 ਅਪ੍ਰੈਲ (ਸੰਜੀਵ ਕੁਮਾਰ): ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਦੇ ਬੀ.ਏ., ਬੀ.ਸੀ.ਏ. ਅਤੇ ਐਮ.ਏ. ਪੰਜਾਬੀ ਦੇ ਵਿਦਿਆਰਥੀਆਂ ਦਾ ਸਾਂਝਾ ਇੱਕ ਰੋਜ਼ਾ ਵਿੱਦਿਅਕ ਟੂਰ ਇਤਿਹਾਸਕ ਬਾਬਾ ਬਰੋਟੀ ਮੰਦਿਰ ਚੋਲਟੀ ਖੇੜੀ ਵਿਖੇ ਗਿਆ। ਕਾਲਜ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਅਤੇ ਰਜਿਸਟਰਾਰ ਡਾ. ਸ਼ੇਰ ਸਿੰਘ ਨੇ ਸਵੇਰੇ 9 ਵਜੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਕਾਲਜ ਤੋਂ ਬੱਸ ਵਿੱਚ ਰਵਾਨਾ ਕੀਤਾ। ਕਾਲਜ ਦੀ ਬਿਊਟੀਫ਼ੀਕੇਸ਼ਨ ਕਮੇਟੀ ਦੇ ਮੈਂਬਰ ਡਾ. ਰਸ਼ਮੀ ਬੱਤਾ, ਡਾ. ਮਿੰਕੀ, ਡਾ. ਹਰਜਿੰਦਰ ਕੌਰ ਅਤੇ ਮਿ. ਦਲਜੀਤ ਸਿੰਘ ਇਸ ਵਿੱਦਿਅਕ ਟੂਰ ਲਈ ਵਿਦਿਆਰਥੀਆਂ ਦੇ ਨਾਲ ਗਏ। ਇਸ ਵਿੱਦਿਅਕ ਟੂਰ ਦੌਰਾਨ 'ਜੁਆਇਨ ਹੈਂਡਸ ਫ਼ਾਰ ਆ ਕਲੀਨਰ ਗਰੀਨ ਟੂਮਾਰੋ' ਸਿਰਲੇਖ ਤਹਿਤ ਚੋਲਟੀ ਖੇੜੀ ਦੇ ਮੰਦਰ ਵਿੱਚ 4 ਏਕੜ ਵਿੱਚ ਫੈਲੇ 'ਕਾਇਆ ਕਲਪ ਬਰਿਕਸ਼' ਵਜੋਂ ਜਾਣੇ ਜਾਂਦੇ ਇਤਿਹਾਸਕ ਬੋਹੜ ਦੀ ਸੁੰਦਰਤਾ ਨੂੰ ਹੋਰ ਵਧਾਉਣ ਦੇ ਮਕਸਦ ਨਾਲ ਬੋਹੜ ਦੇ ਆਲੇ-ਦੁਆਲੇ ਹੋਰ ਵੀ ਹਰੇ ਪੌਦੇ ਲਗਾਏ ਗਏ। ਮੰਦਰ ਦੇ ਪ੍ਰਬੰਧਕਾਂ ਅਤੇ ਪੁਜਾਰੀ ਵੱਲੋਂ ਕਾਲਜ ਸਟਾਫ਼ ਅਤੇ ਵਿਦਿਆਰਥੀਆਂ ਦਾ ਸਵਾਗਤ ਕਰਕੇ ਉਨ੍ਹਾਂ ਨੂੰ ਇਤਿਹਾਸਕ ਮੰਦਰ ਅਤੇ ਬੋਹੜ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ। ਇਸ ਵਿੱਦਿਅਕ ਟੂਰ ਤੋਂ ਵਿਦਿਆਰਥੀਆਂ ਨੇ ਜਿੱਥੇ ਇਤਿਹਾਸਕ ਪੱਖ ਨੂੰ ਜਾਣਿਆ ਉੱਥੇ ਹੀ ਬੋਹੜ ਵਰਗੇ ਦਰੱਖਤਾਂ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ ਨੂੰ ਵੀ ਜਾਣਿਆ। ਉਪਰੰਤ ਵਿਦਿਆਰਥੀਆਂ ਨੇ ਵਾਤਾਵਰਣ ਅਤੇ ਕੁਦਰਤ ਨੂੰ ਬਚਾਉਣ ਲਈ ਰਾਜਪੁਰਾ ਅਤੇ ਨਾਲ ਲੱਗਦੇ ਖੇਤਰਾਂ ਵਿੱਚ ਭਵਿੱਖ ਵਿੱਚ ਵੱਧ ਤੋਂ ਵੱਧ ਬੂਟੇ ਲਗਾਉਣ ਦਾ ਵਚਨ ਵੀ ਲਿਆ।

## ਨਾਮ ਸਿਮਰਨ ਅਭਿਆਸ ਸਮਾਗਮ ਕਰਵਾਇਆ

ਲੁਧਿਆਣਾ, 22 ਅਪ੍ਰੈਲ (ਕਰਨੈਲ ਸਿੰਘ ਐੱਮ ਏ): ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ ਬੀਤੇ ਦਿਨੀਂ ਕਰਵਾਇਆ ਗਿਆ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ 'ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈ ਖੋਈ' ਸੰਗਤਾਂ ਨੇ ਇਕਾਗਰ ਚਿੱਤ ਹੋ ਕੇ ਵਾਹਿਗੁਰੂ ਦਾ ਸਿਮਰਨ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਨੈਲ ਸਿੰਘ, ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ, ਮੀਤ ਪ੍ਰਧਾਨ ਜਰਨੈਲ ਸਿੰਘ ਸੈਣੀ, ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ, ਸੁਰਿੰਦਰ ਸਿੰਘ ਪੀ.ਏ. ਪ੍ਰਧਾਨ ਸਾਹਿਬ, ਪਲਵਿੰਦਰ ਸਿੰਘ, ਰਣਜੀਤ ਸਿੰਘ, ਸਵਰਨ ਸਿੰਘ, ਸਤਿੰਦਰਪਾਲ ਸਿੰਘ ਖੰਨਾ, ਜੋਗਿੰਦਰ ਸਿੰਘ, ਹਰਦੇਵ ਸਿੰਘ, ਤਲਵਿੰਦਰ ਸਿੰਘ, ਤਜਿੰਦਰ ਸਿੰਘ, ਜਤਿੰਦਰ ਸਿੰਘ, ਨਿਰਮਲ ਸਿੰਘ, ਨਿਰਮਲ ਸਿੰਘ ਸੈਣੀ, ਮਾਸਟਰ ਗੁਰਮੀਤ ਸਿੰਘ, ਗੁਰਮੀਤ ਸਿੰਘ, ਹੈਪੀ ਗਲਹੋਤਰਾ ਹਾਜ਼ਰ ਸਨ।

# ਹੌਂਦ ਚਿੱਲੜ ਸਮੇਤ ਹਰਿਆਣਾ ਦੇ '84 ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੇ ਜਥੇਦਾਰ ਦਾਦੂਵਾਲ ਨੂੰ ਦਿੱਤਾ ਮੰਗ ਪੱਤਰ

### ਹਰਿਆਣਾ ਸਰਕਾਰ ਪੀੜਤ ਪਰਿਵਾਰਾਂ ਨੂੰ ਦੇ ਚੁੱਕੀ ਹੈ 22 ਕਰੋੜ 60 ਲੱਖ ਮੁਆਵਜ਼ਾ ਤੇ 121 ਪਰਿਵਾਰਾਂ ਨੂੰ ਨੌਕਰੀਆਂ



ਲੁਧਿਆਣਾ, 22 ਅਪ੍ਰੈਲ (ਕਰਨੈਲ ਸਿੰਘ ਐੱਮ ਏ): ਨਵੰਬਰ 1984 ਵਿੱਚ ਦਿੱਲੀ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿੱਚ ਹੋਏ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਅਜੇ ਵੀ ਪੂਰਾ ਇਨਸਾਫ਼ ਨਹੀਂ ਮਿਲਿਆ। ਮੀਡੀਆ ਨੂੰ ਜਾਰੀ ਪ੍ਰੈਸ ਨੋਟ ਵਿੱਚ ਜਥੇਦਾਰ ਦਾਦੂਵਾਲ ਦੇ ਮੀਡੀਆ ਇੰਚਾਰਜ ਭਾਈ ਜਗਮੀਤ ਸਿੰਘ ਬਰਾੜ ਨੇ ਦੱਸਿਆ ਕਿ ਹੋਂਦ ਚਿੱਲੜ, ਰੇਵਾੜੀ, ਗੁੜਗਾਂਓ ਅਤੇ ਸਿਰਸਾ ਸਮੇਤ ਵੱਖ-ਵੱਖ ਥਾਵਾਂ ਤੋਂ ਪੀੜਤ ਪਰਿਵਾਰਾਂ ਦਾ ਵਫ਼ਦ 'ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ' ਦੇ ਸੰਚਾਲਕ ਭਾਈ ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਵਿੱਚ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਮਿਲਿਆ ਅਤੇ ਮੰਗ ਪੱਤਰ ਸੌਂਪਿਆ। ਜਥੇਦਾਰ ਦਾਦੂਵਾਲ ਨੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਉਹ ਜਲਦੀ ਹੀ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਮੰਗਾਂ ਨੂੰ ਉਠਾਉਣਗੇ। ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰਾਂ ਨੂੰ ਇਨਸਾਫ਼ ਮਿਲਣਾ ਲਾਜ਼ਮੀ ਹੈ। ਭਾਈ ਬਰਾੜ ਮੁਤਾਬਕ ਹਰਿਆਣਾ ਸਰਕਾਰ ਵੱਲੋਂ ਟੀਪੀ ਗਰਗ ਕਮਿਸ਼ਨ ਦੀ ਰਿਪੋਰਟ ਅਧੀਨ 22 ਕਰੋੜ 60 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ ਅਤੇ 121 ਪਰਿਵਾਰਾਂ ਨੂੰ ਨੌਕਰੀਆਂ ਦੇਣ ਦਾ ਐਲਾਨ ਕੀਤਾ ਗਿਆ ਸੀ। ਇਸ ਵਿੱਚੋਂ 34 ਪਰਿਵਾਰਾਂ ਨੂੰ 24 ਨਵੰਬਰ 2025 ਨੂੰ ਪੰਚਕੂਲਾ ਵਿੱਚ ਨਿਯੁਕਤੀ ਪੱਤਰ ਦਿੱਤੇ ਗਏ ਸਨ, ਪਰ ਯੋਗਤਾ ਅਨੁਸਾਰ ਨੌਕਰੀਆਂ ਨਾ ਮਿਲਣ ਕਾਰਨ 31 ਪਰਿਵਾਰਾਂ ਨੇ ਇਹ ਪੱਤਰ ਵਾਪਸ ਕਰ ਦਿੱਤੇ। ਪੀੜਤ ਪਰਿਵਾਰਾਂ ਨੇ ਮੰਗ ਕੀਤੀ ਕਿ ਬੱਚਿਆਂ ਨੂੰ ਯੋਗਤਾ ਦੇ ਆਧਾਰ 'ਤੇ ਪੱਕੀਆਂ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ ਅਤੇ ਜਿਹੜੇ ਪਰਿਵਾਰ ਵਾਂਝੇ ਰਹਿ ਗਏ ਹਨ, ਉਨ੍ਹਾਂ ਨੂੰ ਵੀ ਮੁਆਵਜ਼ਾ ਤੇ ਨੌਕਰੀਆਂ ਦਿੱਤੀਆਂ ਜਾਣ। ਹੋਂਦ ਚਿੱਲੜ ਕਤਲੇਆਮ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਕਿ ਇੱਕੋ ਦਿਨ ਵਿੱਚ 32 ਸਿੱਖਾਂ ਨੂੰ ਮਾਰਿਆ ਗਿਆ ਸੀ। ਪੀੜਤਾਂ ਵਿੱਚ ਬੀਬੀ ਗੁੱਡੀ ਕੌਰ ਅਤੇ ਭਾਈ ਰਾਮ ਸਿੰਘ ਨੇ ਆਪਣੇ ਪਰਿਵਾਰਾਂ ਦੇ ਵੱਡੇ ਨੁਕਸਾਨ ਬਾਰੇ ਦੱਸਦਿਆਂ ਕਿਹਾ ਕਿ ਉਹ ਨਿਆਂ ਲਈ ਲੜ ਰਹੇ ਹਨ।

ਉਨ੍ਹਾਂ ਕਿਹਾ ਕਿ ਜਥੇਦਾਰ ਦਾਦੂਵਾਲ ਹਮੇਸ਼ਾਂ ਪੰਥਕ ਮਸਲਿਆਂ 'ਤੇ ਆਵਾਜ਼ ਉਠਾਉਂਦੇ ਆਏ ਹਨ ਅਤੇ ਉਨ੍ਹਾਂ ਤੋਂ ਉਮੀਦ ਹੈ ਕਿ ਉਹ ਇਨਸਾਫ਼ ਦਿਵਾਉਣ ਵਿੱਚ ਮਦਦ ਕਰਨਗੇ। ਇਸ ਮੌਕੇ ਜਥੇਦਾਰ ਦਾਦੂਵਾਲ ਵੱਲੋਂ ਭਾਈ ਦਰਸ਼ਨ ਸਿੰਘ ਘੋਲੀਆ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

# ਸਿੱਖ ਕੌਮ ਤੇ ਪੰਜਾਬੀਆਂ ਦੀ ਆਵਾਜ਼ ਨੂੰ ਮੁੱਖ ਰੱਖਕੇ ਪੰਥਕ ਸਮਝੌਤੇ ਦੇ ਪੂਰਨ ਹਾਮੀ : ਮਾਨ



ਮੰਡੀ ਗੋਬਿੰਦਗੜ੍ਹ, 22 ਅਪ੍ਰੈਲ (ਰੂਪਲ ਸੂਦ): ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਗੁਰਦਵਾਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਚ ਪਾਰਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਭਾਜਪਾ-ਆਰ.ਐਸ.ਐਸ, ਕਾਂਗਰਸ, ਆਪ ਆਦਿ ਸੂਬੇ ਅਤੇ ਸਿੱਖ ਕੌਮ ਵਿਰੋਧੀ ਜਮਾਤਾਂ ਸਿਆਸੀ ਤੌਰ 'ਤੇ ਪੰਜਾਬ ਦੀ ਹਕੂਮਤ ਉਤੇ ਮੰਦਭਾਵਨਾ ਅਧੀਨ ਕਾਬਜ਼ ਹੋਣ ਦੇ ਮਨਸੂਬੇ ਬਣਾ ਰਹੇ ਹਨ ਤਾਂ ਪੰਜਾਬੀਆਂ ਅਤੇ ਸਿੱਖ ਕੌਮ ਦੀ ਇਨ੍ਹਾਂ ਖਿਲਾਫ਼ ਉੱਠ ਰਹੀ ਆਵਾਜ਼ ਨੂੰ ਮੁੱਖ ਰੱਖ ਕੇ ਉਹ ਪੰਥਕ ਉਮੀਦਵਾਰ ਖੜ੍ਹੇ ਕਰਨ ਦੇ ਹੱਕ ਵਿਚ ਹਨ ਤਾਂ ਜੋ ਪੰਜਾਬ ਵਿਚ ਪੰਥਕ ਸਰਕਾਰ ਕਾਇਮ ਹੋ ਸਕੇ। ਉਨ੍ਹਾਂ ਕਿਹਾ ਕਿ ਇਸ ਮੰਤਵ ਲਈ ਉਨ੍ਹਾਂ ਦੀ ਪਾਰਟੀ ਦੂਸਰੀਆਂ ਪੰਥਕ ਧਿਰਾਂ ਨਾਲ ਸੁਹਿਰਦਤਾ ਨਾਲ ਗੱਲਬਾਤ ਕਰੇਗੀ। ਪਾਰਟੀ ਦੇ ਮੁੱਖ ਬੁਲਾਰੇ, ਸਿਆਸੀ ਅਤੇ ਮੀਡੀਆ ਸਲਾਹਕਾਰ ਇਕਬਾਲ ਸਿੰਘ ਟਿਵਾਣਾ ਨੇ ਮੀਟਿੰਗ ਦੀ ਕਾਰਵਾਈ ਦੱਸਦੇ ਹੋਏ ਕਿਹਾ ਕਿ ਹਾਜ਼ਰੀਨ ਨੇ ਕੈਨੇਡਾ, ਅਮਰੀਕਾ, ਬਰਤਾਨੀਆਂ, ਪਾਕਿਸਤਾਨ, ਹਰਿਆਣਾ ਅਤੇ ਪੰਜਾਬ ਵਿਚ ਸਿੱਖ ਨੌਜਵਾਨਾਂ ਦੇ ਕਥਿਤ ਸਾਜਿਸ਼ ਅਧੀਨ ਹੋਏ ਕਤਲਾਂ ਦੀ ਨਿੰਦਾ ਕਰਦੇ ਹੋਏ ਕੌਮਾਂਤਰੀ ਕਾਨੂੰਨਾਂ ਅਨੁਸਾਰ ਕੇਸ ਚਲਾ ਕੇ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਸ਼੍ਰੋਮਣੀ ਕਮੇਟੀ ਵਲੋਂ ਇਸ ਮਾਮਲੇ ਪ੍ਰਤੀ ਚੁੱਪ ਧਾਰਨ ਦਾ ਦੋਸ਼ ਲਾਉਂਦੇ ਹੋਏ ਨਿੰਦਾ ਕੀਤੀ। ਇਕ ਹੋਰ ਫੈਸਲੇ ਰਾਹੀਂ ਸੁਖਜੀਤ ਕੌਰ ਫ਼ਗਵਾੜਾ ਅਤੇ ਸਤਨਾਮ ਸਿੰਘ ਯੂਥ ਆਗੂ ਸੰਗਰੂਰ ਨੂੰ ਪਾਰਟੀ ਦੇ ਪੀਏਸੀ ਮੈਂਬਰ ਨਿਯੁਕਤ ਕੀਤਾ ਗਿਆ। ਮੀਟਿੰਗ ਵਿਚ ਕੇਂਦਰ ਅਤੇ ਪੰਜਾਬ ਵੱਲੋਂ ਐਮ.ਐਸ.ਪੀ ਨੂੰ ਕੇਵਲ ਕਣਕ ਅਤੇ ਝੋਨੇ ਦੀ ਫ਼ਸਲ ਨੂੰ ਦੇ ਕੇ ਕਿਸਾਨਾਂ ਨਾਲ ਧੋਖਾ ਦੱਸਿਆ ਅਤੇ ਮੰਗ ਕੀਤੀ ਕਿ ਇਹ ਐਲਾਨੀਆਂ 23 ਫਸਲਾਂ ਉਤੇ ਦਿੱਤੀ ਜਾਵੇ। ਮੀਟਿੰਗ ਵਿਚ ਜਥੇਦਾਰ ਜਗਤਾਰ ਸਿੰਘ ਹਵਾਰਾ ਅਤੇ ਵਾਰਿਸ ਪੰਜਾਬ ਦੇ ਮੁੱਖੀ ਸਮੇਤ 35-35 ਸਾਲਾਂ ਤੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਨੌਜਵਾਨਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ। ਮੀਟਿੰਗ ਨੂੰ ਇਮਾਨ ਸਿੰਘ ਮਾਨ, ਇਕਬਾਲ ਸਿੰਘ ਟਿਵਾਣਾ, ਪ੍ਰੋਫੈਸਰ ਮਹਿੰਦਰਪਾਲ ਸਿੰਘ, ਡਾ. ਹਰਜਿੰਦਰ ਸਿੰਘ ਜੱਖੂ, ਹਰਪਾਲ ਸਿੰਘ ਬਲੇਰ, ਅਮ੍ਰਿਤਪਾਲ ਸਿੰਘ ਛੰਦੜਾ, ਕੁਲਦੀਪ ਸਿੰਘ ਭਾਗੋਵਾਲ, ਗੁਰਜੰਟ ਸਿੰਘ ਕੱਟੂ, ਹਰਜੀਤ ਸਿੰਘ ਵਿਰਕ, ਹਰਭਜਨ ਸਿੰਘ ਕਸ਼ਮੀਰੀ, ਬਹਾਦਰ ਸਿੰਘ ਭਸੌੜ, ਹਰਦੇਵ ਸਿੰਘ ਪੱਪੂ, ਜਤਿੰਦਰ ਸਿੰਘ ਥਿੰਦ, ਪਰਮਿੰਦਰ ਸਿੰਘ ਬਾਲਿਆਂਵਾਲੀ, ਗੁਰਨੈਬ ਸਿੰਘ ਨੈਬੀ, ਜਗਮੀਤ ਸਿੰਘ ਐਡਵੋਕੇਟ, ਸੂਬੇਦਾਰ ਮੇਜਰ ਸਿੰਘ, ਧਰਮ ਸਿੰਘ ਕਲੌੜ, ਓਪਿੰਦ੍ਰਪ੍ਰਤਾਪ ਸਿੰਘ ਅਤੇ ਸਤਨਾਮ ਸਿੰਘ ਆਦਿ ਨੇ ਸੰਬੋਧਨ ਕੀਤਾ।

## ਜਿਨਸੀ ਸ਼ੋਸ਼ਣ ਪੀੜਤ ਬੱਚੇ ਦੇ ਪਰਿਵਾਰ ਨੂੰ 5 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦੇ ਹੁਕਮ

ਕਰਨਾਲ/ਪਾਣੀਪਤ, 22 ਅਪ੍ਰੈਲ (ਚ. ਨ. ਸ.): ਹਰਿਆਣਾ ਦੇ ਪਾਣੀਪਤ ਜ਼ਿਲ੍ਹੇ ਵਿੱਚ ਸਥਿਤ ਜੁਵੇਨਾਈਲ ਜਸਟਿਸ ਬੋਰਡ ਨੇ ਇੱਕ ਅਹਿਮ ਫੈਸਲਾ ਸੁਣਾਉਂਦਿਆਂ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ ਇੱਕ ਨਾਬਾਲਗ ਲੜਕੇ ਦੇ ਪਰਿਵਾਰ ਨੂੰ 5 ਲੱਖ ਰੁਪਏ ਦੀ ਰਾਹਤ ਰਾਸ਼ੀ ਦੇਣ ਦੇ ਹੁਕਮ ਦਿੱਤੇ ਹਨ। ਇਹ ਮਾਮਲਾ ਕਰੀਬ ਦੋ ਸਾਲ ਪਹਿਲਾਂ ਦਾ ਹੈ, ਜਿਸ ਵਿੱਚ ਇੱਕ ਸੱਤ ਸਾਲਾ ਮਾਸੂਮ ਬੱਚੇ ਨਾਲ ਕੁਦਰਤ ਵਿਰੋਧੀ ਜਿਨਸੀ ਸ਼ੋਸ਼ਣ ਦੀ ਘਿਨਾਉਣੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ। ਬੋਰਡ ਨੇ ਪੀੜਤ ਦੇ ਮੁੜ ਵਸੇਬੇ ਅਤੇ ਸਿੱਖਿਆ ਨੂੰ ਮੁੱਖ ਰੱਖਦਿਆਂ ਇਹ ਵਿੱਤੀ ਸਹਾਇਤਾ ਪ੍ਰਵਾਨ ਕੀਤੀ ਹੈ। ਪਾਣੀਪਤ ਜੁਵੇਨਾਈਲ ਜਸਟਿਸ ਬੋਰਡ ਦੇ ਪ੍ਰਿੰਸੀਪਲ ਮੈਜਿਸਟ੍ਰੇਟ ਪੁਨੀਤ ਲਿੰਬਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਾਬਾਲਗਾਂ ਨਾਲ ਜੁੜੇ ਮਾਮਲਿਆਂ ਵਿੱਚ ਸਿਰਫ਼ ਸਜ਼ਾ ਹੀ ਕਾਫ਼ੀ ਨਹੀਂ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀ. ਦੇ ਵਿਦਿਆਰਥੀਆਂ ਨੇ 'ਕਿਤਿਆਂ' ਪੱਖੋਂ ਵੱਖ-ਵੱਖ ਖੇਤਰਾਂ 'ਚ ਕੀਤੀਆ ਸ਼ਾਨਦਾਰ ਪ੍ਰਾਪਤੀਆਂ : ਡਾ. ਪ੍ਰਿਤਪਾਲ ਸਿੰਘ



ਫਤਿਹਗੜ੍ਹ ਸਾਹਿਬ, 22 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ):ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਆਪਣੇ ਫਿਜ਼ੀਓਥੈਰੇਪੀ ਵਿਭਾਗ ਦੀਆਂ ਸ਼ਾਨਦਾਰ ਪਲੇਸਮੈਂਟ ਪ੍ਰਾਪਤੀਆਂ ਦਾ ਮਾਣ ਨਾਲ ਐਲਾਨ ਕਰਦੀ ਹੈ, ਜੋ ਯੂਨੀਵਰਸਿਟੀ ਦੀ ਅਕਾਦਮਿਕ ਉੱਤਮਤਾ ਅਤੇ ਪੇਸ਼ੇਵਰ ਸਫਲਤਾ ਪ੍ਰਤੀ ਵਚਨਬੱਧਤਾ ਦਾ ਹੋਰ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਉਹਨਾਂ ਕਿਹਾ ਕਿ ਯੂਨੀਵਰਸਿਟੀ ਆਪਣੇ ਪ੍ਰਤਿਭਾਸ਼ਾਲੀ ਸਾਬਕਾ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਲਈ ਵਧਾਈ ਦਿੰਦੀ ਹੈ। ਉਹਨਾਂ ਦੱਸਿਆ ਕਿ ਡਾ. ਜਸਪ੍ਰੀਤ ਕੌਰ (ਪੀ.ਟੀ.) (ਬੈਚ 2019) ਨੂੰ ਜ਼ਿਲ੍ਹਾ ਸਪੋਰਟਸ ਮੈਡੀਸਨ ਸੈਂਟਰ, ਪਟਿਆਲਾ ਵਿਖੇ ਪੰਜਾਬ ਸਪੋਰਟਸ ਮੈਡੀਕਲ ਕੇਡਰ ਵਿੱਚ ਸਪੋਰਟਸ ਫਿਜ਼ੀਓਥੈਰੇਪਿਸਟ ਸਹਾਇਕ ਵਜੋਂ ਚੁਣਿਆ ਗਿਆ ਹੈ। ਡਾ. ਗੁਰਵਿੰਦਰ ਸਿੰਘ (ਪੀ.ਟੀ.) (ਬੈਚ 2015) ਨੂੰ ਪੰਜਾਬ ਸਰਕਾਰ ਦੇ ਖੇਡ ਅਤੇ ਯੁਵਾ ਸੇਵਾਵਾਂ ਵਿਭਾਗ ਅਧੀਨ ਪੰਜਾਬ ਸਪੋਰਟਸ ਮੈਡੀਕਲ ਸੇਵਾਵਾਂ ਵਿੱਚ ਸਪੋਰਟਸ ਫਿਜ਼ੀਓਥੈਰੇਪਿਸਟ ਵਜੋਂ ਨਿਯੁਕਤ ਕੀਤਾ ਗਿਆ ਹੈ। ਡਾ. ਬਿਕਰਮ ਸਿੰਘ ਮਾਨ (ਪੀ.ਟੀ.) (ਬੈਚ 2019) ਨੇ ਜ਼ਿਲ੍ਹਾ ਸਪੋਰਟਸ ਮੈਡੀਸਨ ਸੈਂਟਰ, ਪਟਿਆਲਾ ਵਿਖੇ ਪੰਜਾਬ ਸਪੋਰਟਸ ਮੈਡੀਕਲ ਕੇਡਰ ਵਿੱਚ ਸਪੋਰਟਸ ਫਿਜ਼ੀਓਥੈਰੇਪਿਸਟ ਦਾ ਅਹੁਦਾ ਪ੍ਰਾਪਤ ਕੀਤਾ ਹੈ, ਜਦਕਿ ਡਾ. ਨਵਜੋਤ ਸਿੰਘ (ਪੀ.ਟੀ.) (ਬੈਚ 2015) ਨੂੰ ਜ਼ਿਲ੍ਹਾ ਸਪੋਰਟਸ ਮੈਡੀਸਨ ਸੈਂਟਰ, ਫਾਜ਼ਿਲਕਾ ਵਿਖੇ ਪੰਜਾਬ ਸਪੋਰਟਸ ਮੈਡੀਕਲ ਸੇਵਾਵਾਂ ਵਿੱਚ ਸਪੋਰਟਸ ਫਿਜ਼ੀਓਥੈਰੇਪਿਸਟ ਵਜੋਂ ਨਿਯੁਕਤ ਕੀਤਾ ਗਿਆ ਹੈ।

ਵਾਇਸ ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਅਤੇ ਡੀਨ ਅਕਾਦਮਿਕ ਅਫੇਅਰਜ਼ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਨੇ ਵਿਦਿਆਰਥੀਆਂ ਨੂੰ ਆਪਣੀਆਂ ਦਿਲੋਂ ਵਧਾਈਆਂ ਅਤੇ ਸ਼ੁਭਕਾਮਨਾਵਾਂ ਭੇਟ ਕੀਤੀਆਂ। ਉਨ੍ਹਾਂ ਨੇ ਕਿਹਾ ਕਿ ਇਹ ਪ੍ਰਾਪਤੀਆਂ ਯੂਨੀਵਰਸਿਟੀ ਦੀ ਮਜ਼ਬੂਤ ਅਕਾਦਮਿਕ ਨੀਂਹ ਅਤੇ ਉਦਯੋਗ-ਤਿਆਰ ਯੋਗ ਪੇਸ਼ੇਵਰ ਤਿਆਰ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ, ਜੋ ਸੰਸਥਾ ਲਈ ਮਾਣ ਦਾ ਕਾਰਨ ਬਣਦੇ ਹਨ। ਇਸ ਮੌਕੇ 'ਤੇ ਡਾ. ਸੁਪ੍ਰੀਤ ਬਿੰਦਰਾ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਫਿਜ਼ੀਓਥੈਰੇਪੀ ਵਿਭਾਗ, ਨੇ ਪ੍ਰਾਪਤੀਆਂ ਕਰਨ ਵਾਲਿਆਂ ਨੂੰ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਮਿਹਨਤ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੀਆਂ ਸਫਲਤਾਵਾਂ ਮੌਜੂਦਾ ਵਿਦਿਆਰਥੀਆਂ ਨੂੰ ਆਪਣੇ ਪੇਸ਼ੇਵਰ ਜੀਵਨ ਵਿੱਚ ਉਚਾਈਆਂ ਹਾਸਲ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਡਾ. ਪੰਕਜਪ੍ਰੀਤ ਸਿੰਘ, ਡੀਨ, ਫੈਕਲਟੀ, ਅਲਾਇਡ ਐਂਡ ਹੈਲਥ-ਕੇਅਰ ਸਾਇੰਸਜ਼, ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਖੇਡ ਫਿਜ਼ੀਓਥੈਰੇਪੀ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਕੁਸ਼ਲ ਸਿਹਤ ਪੇਸ਼ੇਵਰ ਤਿਆਰ ਕਰਨ ਵਿੱਚ ਵਿਭਾਗ ਦੇ ਨਿਰੰਤਰ ਯਤਨਾਂ ਦੀ ਪ੍ਰਸ਼ੰਸਾ ਕੀਤੀ। ਇਹ ਪ੍ਰਾਪਤੀਆਂ ਵਿਦਿਆਰਥੀਆਂ ਦੇ ਸਮਰਪਣ, ਲਗਨ ਅਤੇ ਪੇਸ਼ੇਵਰ ਯੋਗਤਾ ਦਾ ਪ੍ਰਮਾਣ ਹਨ ਅਤੇ ਯੂਨੀਵਰਸਿਟੀ ਵਿੱਚ ਪ੍ਰਦਾਨ ਕੀਤੀ ਜਾ ਰਹੀ ਉੱਚ-ਮਿਆਰੀ ਸਿੱਖਿਆ ਅਤੇ ਕਲੀਨਿਕਲ ਸਿਖਲਾਈ ਨੂੰ ਦਰਸਾਉਂਦੀਆਂ ਹਨ।

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਡਰਾਅ ਕੱਢੇ



ਰਾਜਪੁਰਾ, 22 ਅਪ੍ਰੈਲ (ਸੰਜੀਵ ਕੁਮਾਰ/ਅਮਰਿੰਦਰ ਸਿੰਘ ਮੋਹੀ): ਸਰਕਾਰ ਵੱਲੋਂ ਚਲਾਈ ਮੁੱਖ ਮੰਤਰੀ ਤੀਰਥ ਯਾਤਰਾ ਦੇ ਸਬੰਧ ਵਿੱਚ ਹਲਕਾ ਘਨੌਰ ਦੇ ਪਿੰਡ ਰਾਮ ਨਗਰ ਸੈਣੀਆਂ, ਅਤੇ ਹਲਕਾ ਰਾਜਪੁਰਾ ਦੀ ਸਬ ਤਹਿਸੀਲ ਬਨੂੜ ਦੇ ਵਾਰਡ ਨੰਬਰ:-2 (ਬੱਸੀ ਈਸੇ ਖਾਂ) ਵਿਖੇ ਸੰਗਤਾਂ ਦੇ ਡਰਾਅ ਕੱਢੇ। ਇਸ ਮੌਕੇ ਵਾਰਡ ਪ੍ਰਧਾਨ ਕੁਲਦੀਪ ਸਿੰਘ ਸੈਣੀ, ਯਾਤਰਾ ਕੋਆਰਡੀਨੇਟਰ ਤਰੁਣ ਸ਼ਰਮਾ, ਇਸ਼ਮੀਤ ਸਿੰਘ, ਸਰਪੰਚ ਕੁਲਦੀਪ ਸਿੰਘ, ਸੀਨੀਅਰ ਆਗੂ ਅਮਰ ਸਿੰਘ, ਯੂਥ ਆਗੂ ਹਨੀ ਸੈਣੀ, ਪੰਚ ਬਲਦੇਵ ਸਿੰਘ, ਯਾਤਰਾ ਕੋਆਰਡੀਨੇਟਰ ਬਲਜਿੰਦਰ ਸਿੰਘ ਅਤੇ ਹੋਰ ਵੀ ਪਤਵੰਤੇ ਆਗੂ ਸਾਹਿਬਾਨ ਮੌਜੂਦ ਸਨ।

# ਮੋਦੀ ਨੇ ਦੇਸ਼ ਹਿੱਤ 'ਚ ਜਿੰਨੇ ਵੀ ਫੈਸਲੇ ਲਏ ਕਾਂਗਰਸ ਨੇ ਹਮੇਸ਼ਾ ਉਸ ਦਾ ਵਿਰੋਧ ਕੀਤਾ : ਐਡਵੋਕੇਟ ਸੁੱਖੀ




ਅਮਲੋਹ, 22 ਅਪ੍ਰੈਲ (ਜਸਵੰਤ ਸਿੰਘ) : ਕੇਂਦਰ ਦੀ ਮੋਦੀ ਸਰਕਾਰ ਨੇ ਦੇਸ਼ ਹਿੱਤ 'ਚ ਜਿੰਨੇ ਵੀ ਫੈਸਲੇ ਲਏ ਕਾਂਗਰਸ ਨੇ ਹਮੇਸ਼ਾ ਉਸ ਦਾ ਵਿਰੋਧ ਕੀਤਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਯੁਵਾ ਮੋਰਚਾ ਦੇ ਕੌਮੀ ਕਾਰਜਕਾਰਨੀ ਦੇ ਮੈਂਬਰ ਅਤੇ ਕੇਰਲ ਵਿਧਾਨ ਸਭਾ ਚੋਣਾਂ ਵਿੱਚ ਸਹਾਇਕ ਇੰਚਾਰਜ ਐਡਵੋਕੇਟ ਸੁਖਵਿੰਦਰ ਸਿੰਘ ਸੁੱਖੀ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਯੁਵਾ ਮੋਰਚੇ ਦੀ ਇਕ ਮੀਟਿੰਗ ਭਾਜਪਾ ਯੁਵਾ ਮੋਰਚਾ ਦੇ ਕੌਮੀ ਪ੍ਰਧਾਨ ਬੰਗਲੌਰ ਸਾਊਥ ਤੋ ਲੋਕ ਸਭਾ ਮੈਂਬਰ ਤੇਜੱਸਵੀ ਸੂਰਯਾ ਦੀ ਅਗਵਾਈ ਵਿੱਚ ਹੋਈ ਜਿਸ ਵਿਚ ਨਾਰੀ ਸ਼ਕਤੀ ਵੰਦਨ ਅਧਿਨਿਯਮ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ ਅਤੇ ਆਉਣ ਵਾਲੇ ਦਿਨਾਂ ਵਿੱਚ ਇੰਡੀਆ ਅਲਾਇੰਸ ਦੇ ਖਿਲਾਫ ਕੀਤੇ ਜਾਣ ਵਾਲੇ ਦੇਸ਼ ਪੱਧਰੀ ਰੋਸ ਪ੍ਰਦਰਸ਼ਨਾਂ ਦੀਆਂ ਤਿਆਰੀਆਂ ਨੂੰ ਲੈ ਕੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਇਸ ਮੌਕੇ ਕੇਂਦਰੀ ਰਾਜ ਮੰਤਰੀ ਰਕਸ਼ਾ ਖਾਦਸੇ ਵੀ ਹਾਜ਼ਰ ਸਨ।

## ਲੁਧਿਆਣਾ ਦੇ ਉਦਯੋਗਪਤੀ ਨਾਲ 20 ਕਰੋੜ ਦੀ ਸਾਈਬਰ ਠੱਗੀ

ਮੋਹਾਲੀ/ਲੁਧਿਆਣਾ, 22 ਅਪ੍ਰੈਲ (ਚ. ਨ. ਸ.):ਪੰਜਾਬ ਵਿੱਚ ਸਾਈਬਰ ਅਪਰਾਧੀਆਂ ਦੇ ਹੌਸਲੇ ਇਸ ਕਦਰ ਬੁਲੰਦ ਹਨ ਕਿ ਹੁਣ ਉਹ ਵੱਡੇ-ਵੱਡੇ ਕਾਰੋਬਾਰੀਆਂ ਨੂੰ ਵੀ ਆਪਣਾ ਸ਼ਿਕਾਰ ਬਣਾ ਰਹੇ ਹਨ। ਅਜਿਹਾ ਹੀ ਇੱਕ ਸਨਸਨੀਖੇਜ਼ ਮਾਮਲਾ ਲੁਧਿਆਣਾ ਤੋਂ ਸਾਹਮਣੇ ਆਇਆ ਹੈ, ਜਿੱਥੇ ਇੱਕ ਨਾਮੀ ਉਦਯੋਗਪਤੀ ਕੋਲੋਂ ਕਰੀਬ 20 ਕਰੋੜ ਰੁਪਏ ਦੀ ਵੱਡੀ ਰਕਮ ਸਾਈਬਰ ਠੱਗਾਂ ਵੱਲੋਂ ਹੜੱਪ ਲਈ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਮੋਹਾਲੀ ਨੇ ਦੱਸਿਆ ਕਿ ਲੁਧਿਆਣਾ ਦੇ ਅਗਰ ਨਗਰ ਨਿਵਾਸੀ 40 ਸਾਲਾ ਉਦਯੋਗਪਤੀ ਜਗਦੀਪ ਸਿੰਘਲ ਨਾਲ ਇਹ ਠੱਗੀ ਮਾਰੀ ਗਈ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਸ਼ਿਕਾਇਤਕਰਤਾ ਜਗਦੀਪ ਸਿੰਘਲ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਇਹ ਸਾਰਾ ਸਿਲਸਿਲਾ ਪਿਛਲੇ ਸਾਲ ਮਈ ਮਹੀਨੇ ਵਿੱਚ ਸ਼ੁਰੂ ਹੋਇਆ ਸੀ।

# ਅਕਾਲੀ ਦਲ ਪੁਨਰ ਸੁਰਜੀਤ ਅਤੇ ਵਾਰਸ ਪੰਜਾਬ ਦਾ ਗੱਠਜੋੜ ਸੂਬੇ ਦੀ ਰਾਜਨੀਤੀ 'ਚ ਸੁਨਹਿਰੀ ਅਧਿਆਇ :ਰਣਵੀਰ ਪੂਣੀਆਂ



ਫਤਿਹਗੜ੍ਹ ਸਾਹਿਬ, 22 ਅਪ੍ਰੈਲ (ਨਰਿੰਦਰ ਸਿੰਘ): ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਅਤੇ ਬਾਪੂ ਤਰਸੇਮ ਸਿੰਘ ਦੀ ਯੋਗ ਅਗਵਾਈ ਹੇਠ ਬਣੀ ਤਾਲਮੇਲ ਕਮੇਟੀ ਵੱਲੋਂ ਅਕਾਲੀ ਦਲ ਪੁਨਰ ਸੁਰਜੀਤ ਅਤੇ ਅਕਾਲੀ ਦਲ ਵਾਰਸ ਪੰਜਾਬ ਦੇ ਗੱਠਜੋੜ ਨੂੰ ਸੂਬੇ ਦੇ ਹਿੱਤ ਵਿੱਚ ਇਕ ਮਹੱਤਵਪੂਰਨ ਅਤੇ ਇਤਿਹਾਸਕ ਕਦਮ ਵਜੋਂ ਵੇਖਿਆ ਜਾ ਰਿਹਾ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੂਬਾ ਜਨਰਲ ਸਕੱਤਰ ਰਣਵੀਰ ਸਿੰਘ ਪੂਣੀਆਂ ਅਤੇ ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਤਰਖਾਣ ਮਾਜਰਾ ਨੇ ਫਤਿਹਗੜ੍ਹ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਸੂਬੇ ਦੇ ਹਿੱਤ ਲਈ ਇਕੱਠੇ ਹੋਣ ਦੀ ਲੋੜ 'ਤੇ ਜ਼ੋਰ ਦਿੰਦਿਆ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਰਾਜਨੀਤਿਕ ਸਥਿਤੀ ਨੂੰ ਦੇਖਦੇ ਹੋਏ ਇਹ ਗੱਠਜੋੜ ਸਮੇਂ ਦੀ ਲੋੜ ਸੀ। ਉਹਨਾਂ ਦੱਸਿਆ ਕਿ ਵੱਖ-ਵੱਖ ਧੜਿਆਂ ਵਿੱਚ ਵੰਡ ਹੋਣ ਕਾਰਨ ਪੰਥਕ ਅਤੇ ਲੋਕ ਹਿੱਤਾਂ ਨੂੰ ਨੁਕਸਾਨ ਪਹੁੰਚ ਰਿਹਾ ਸੀ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਇਹ ਸਾਂਝ ਬਣਾਈ ਗਈ ਹੈ। ਇਹ ਗੱਠਜੋੜ ਸਿਰਫ ਰਾਜਨੀਤਿਕ ਨਹੀਂ, ਸਗੋਂ ਸੂਬੇ ਦੇ ਆਮ ਲੋਕਾਂ ਦੀ ਆਵਾਜ਼ ਨੂੰ ਮਜ਼ਬੂਤ ਕਰਨ ਵੱਲ ਇੱਕ ਕਦਮ ਹੈ। ਉਹਨਾਂ ਦਾਅਵਾ ਕੀਤਾ ਕਿ ਪਿਛਲੇ ਸਮੇਂ ਦੌਰਾਨ ਕਈ ਰਾਜਨੀਤਿਕ ਪਾਰਟੀਆਂ ਨੇ ਲੋਕਾਂ ਨਾਲ ਵੱਡੇ ਵਾਅਦੇ ਕਰਕੇ ਉਨ੍ਹਾਂ ਨੂੰ ਧੋਖਾ ਦਿੱਤਾ ਹੈ, ਹੁਣ ਇਹ ਗੱਠਜੋੜ ਉਹਨਾਂ ਪਾਰਟੀਆਂ ਨੂੰ ਸਖ਼ਤ ਟੱਕਰ ਦੇਵੇਗਾ ਅਤੇ ਲੋਕਾਂ ਦੇ ਹੱਕਾਂ ਲਈ ਡਟ ਕੇ ਖੜਾ ਹੋਵੇਗਾ।

ਸ. ਪੂਣੀਆਂ ਨੇ ਗਿਆਨੀ ਹਰਪ੍ਰੀਤ ਸਿੰਘ ਦੀ ਸੂਝ-ਬੂਝ ਅਤੇ ਦੂਰਦਰਸ਼ੀ ਸੋਚ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹਨਾਂ ਦੀ ਅਗਵਾਈ ਹੇਠ ਪਹਿਲਾਂ ਵੀ ਕਈ ਵੱਡੇ ਫੈਸਲੇ ਕੀਤੇ ਗਏ ਹਨ, ਜਿਨ੍ਹਾਂ ਨਾਲ ਪੰਥ ਅਤੇ ਸਮਾਜ ਨੂੰ ਫ਼ਾਇਦਾ ਹੋਇਆ ਹੈ। ਉਹਨਾਂ ਕਿਹਾ ਕਿ ਇਹ ਗੱਠਜੋੜ ਵੀ ਉਨ੍ਹਾਂ ਦੀ ਦੂਰਅੰਦੇਸ਼ੀ ਦਾ ਨਤੀਜਾ ਹੈ ਜੋ ਭਵਿੱਖ ਵਿੱਚ ਵੱਡੇ ਨਤੀਜੇ ਦੇਵੇਗਾ। ਉਹਨਾਂ ਦੱਸਿਆ ਕਿ ਗੱਠਜੋੜ ਬਣਨ ਤੋਂ ਬਾਅਦ ਹੁਣ ਜਥੇਬੰਦੀਆਂ ਵੱਲੋਂ ਸੂਬੇ ਭਰ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਪਿੰਡਾਂ ਅਤੇ ਸ਼ਹਿਰਾਂ ਵਿੱਚ ਜਾ ਕੇ ਲੋਕਾਂ ਨਾਲ ਸਿੱਧੀ ਗੱਲਬਾਤ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਮੁੱਦੇ ਸੁਣੇ ਜਾਣਗੇ। ਇਸਦੇ ਨਾਲ ਹੀ, ਨੌਜਵਾਨਾਂ ਨੂੰ ਵੀ ਇਸ ਮੁਹਿੰਮ ਨਾਲ ਜੋੜਨ ਦੀ ਯੋਜਨਾ ਹੈ। ਆਗੂਆਂ ਨੇ ਵਿਸ਼ਵਾਸ ਜਤਾਇਆ ਕਿ ਇਹ ਗੱਠਜੋੜ ਸੂਬੇ ਵਿੱਚ ਇੱਕ ਨਵੀਂ ਰਾਜਨੀਤਿਕ ਦਿਸ਼ਾ ਤੈਅ ਕਰੇਗਾ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰੇਗਾ।

ਉਹਨਾਂ ਕਿਹਾ ਕਿ ਇਹ ਇਕੱਠ ਪੰਜਾਬ ਦੀ ਤਰੱਕੀ, ਕਿਸਾਨਾਂ ਦੇ ਹੱਕਾਂ ਅਤੇ ਨੌਜਵਾਨਾਂ ਦੇ ਭਵਿੱਖ ਲਈ ਮਜ਼ਬੂਤ ਅਵਾਜ਼ ਬਣੇਗਾ। ਜ਼ਿਲ੍ਹਾ ਪੱਧਰੀ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਤਰਖਾਣ ਮਾਜਰਾ ਨੇ ਐਲਾਨ ਕੀਤਾ ਕਿ ਨਗਰ ਕੌਂਸਲ ਦੀਆਂ ਚੋਣਾਂ ਜ਼ਿਲਾ ਵਾਸੀਆਂ ਦੇ ਸਹਿਯੋਗ ਨਾਲ ਪੂਰੀ ਮਜਬੂਤੀ ਅਤੇ ਏਕਤਾ ਨਾਲ ਲੜੀਆਂ ਜਾਣਗੀਆਂ ਜਿਸ ਦੇ ਨਤੀਜੇ ਇਤਿਹਾਸਿਕ ਹੋਣਗੇ। ਅਖੀਰ ਵਿੱਚ, ਉਹਨਾਂ ਸਾਰੇ ਵਰਗਾਂ ਦੇ ਲੋਕਾਂ ਨੂੰ ਇਸ ਗੱਠਜੋੜ ਦਾ ਸਾਥ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਮਿਲ ਕੇ ਹੀ ਪੰਜਾਬ ਨੂੰ ਬਿਹਤਰ ਦਿਸ਼ਾ ਵੱਲ ਲਿਜਾਇਆ ਜਾ ਸਕਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰਿੰਦਰ ਸਿੰਘ ਲਿਬੜਾ, ਜੱਸਾ ਸਿੰਘ ਆਹਲੂਵਾਲੀਆ, ਦਰਬਾਰਾ ਸਿੰਘ ਰੰਧਾਵਾ, ਬਲਤੇਜ ਸਿੰਘ ਮਹਿਦੂਦਪੁਰ, ਅਮਰਜੀਤ ਸਿੰਘ ਮੁੰਡੀਆਂ, ਜਗਤਾਰ ਸਿੰਘ ਭੱਟੀਆਂ, ਹਰੀ ਸਿੰਘ ਚਮਕ, ਅਮਰਜੀਤ ਸਿੰਘ ਸਾਬਕਾ ਮੈਨੇਜਰ, ਗੁਰਿੰਦਰ ਸਿੰਘ, ਭੁਪਿੰਦਰ ਸਿੰਘ, ਲਖਵੀਰ ਸਿੰਘ, ਨਰਿੰਦਰ ਸਿੰਘ, ਜਸਬੀਰ ਸਿੰਘ, ਸੁਰਿੰਦਰ ਸਿੰਘ ਸੁਹਾਗੜੀ, ਗੁਰਦੇਵ ਸਿੰਘ ਵਿਰਕ, ਅਮਰਜੀਤ ਸਿੰਘ ਬਡਗੁਜਰਾ, ਜਰਨੈਲ ਸਿੰਘ ਨਬੀਪੁਰ, ਕੇਸਰ ਸਿੰਘ, ਹਰਮੇਲ ਸਿੰਘ ਰਘੇੜਾ, ਰਣਜੀਤ ਸਿੰਘ, ਮਨਜੀਤ ਸਿੰਘ, ਚਰਨਜੀਤ ਸਿੰਘ, ਹਰਪਾਲ ਸਿੰਘ, ਅਜੀਤ ਸਿੰਘ, ਜਗਦੀਸ਼ ਸਿੰਘ, ਸੁਖਵੰਤ ਸਿੰਘ ਸਰਾਣਾ, ਕਸ਼ਮੀਰਾ ਸਿੰਘ ਖਮਾਣੋਂ, ਹਰਵੇਲ ਸਿੰਘ ਆਦਿ ਹਾਜ਼ਰ ਸਨ।

# ਭਗਵਾਨ ਸ੍ਰੀ ਪਰਸ਼ੂਰਾਮ ਇੱਕ ਆਦਰਸ਼ ਸਮਾਜ ਦੇ ਨਾਇਕ : ਜਗਦੀਪ ਸਿੰਘ ਚੀਮਾ



ਅਮਲੋਹ, 22 ਅਪ੍ਰੈਲ (ਜਸਵੰਤ ਸਿੰਘ): ਅਮਲੋਹ ਵਿਖੇ ਭਗਵਾਨ ਸ੍ਰੀ ਪਰਸ਼ੂਰਾਮ ਜਯੰਤੀ ਦੇ ਮੌਕੇ ਤੇ ਕਰਵਾਏ ਸਮਾਗਮ ਵਿਚ ਭਾਜਪਾ ਦੇ ਸੀਨੀਅਰ ਆਗੂ ਜਗਦੀਪ ਸਿੰਘ ਚੀਮਾ ਨੇ ਸਿਰਕਤ ਕਰਦਿਆਂ ਭਗਵਾਨ ਪਰਸੂ ਰਾਮ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਉਨ੍ਹਾਂ ਦੇ ਦਰਸਾਏ ਮਾਰਗ ਉਪਰ ਚਲਦੇ ਹੋਏ ਮਾਨਵਤਾ ਦੀ ਸੇਵਾ ਦੀ ਅਪੀਲ ਕੀਤੀ। ਉਨ੍ਹਾਂ ਦਾ ਜੀਵਨ ਸਾਨੂੰ ਸਿੱਖਾਉਂਦਾ ਹੈ ਕਿ ਸੱਚਾਈ, ਸਾਹਸ ਅਤੇ ਧਰਮ ਦੀ ਰਾਹ 'ਤੇ ਚੱਲਣਾ ਹੀ ਮਨੁੱਖ ਦਾ ਸਭ ਤੋਂ ਵੱਡਾ ਕਰਤੱਬ ਹੈ। ਉਨ੍ਹਾਂ ਮੰਦਰ ਦੇ ਹਾਲ ਦੇ ਫ਼ਰਸ ਲਈ ਆਪਣੀ ਕਮਾਈ ਵਿੱਚੋਂ ਸੰਸਥਾ ਨੂੰ 4 ਲੱਖ ਰੁਪਏ ਦੇਣ ਦਾ ਵੀ ਐਲਾਨ ਕੀਤਾ। ਇਸ ਮੌਕੇ ਭਜਨ ਕੀਰਤਨ ਵੀ ਹੋਇਆ ਅਤੇ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੇ ਸਿਰਕਤ ਕੀਤੀ। ਇਸ ਮੌਕੇ ਐਡਵੋਕੇਟ ਮਯੰਕ ਸ਼ਰਮਾ, ਸੰਸਥਾ ਦੇ ਸਰਪਰਸਤ ਪ੍ਰੇਮ ਚੰਦ ਸ਼ਰਮਾ, ਰਾਣਾ ਅਜ਼ਾਦ, ਐਡਵੋਕੇਟ ਦੇਵ ਰਤਨ ਸ਼ਰਮਾ, ਪ੍ਰੈਸ ਸਕੱਤਰ ਹਿਤੇਸ਼ ਸ਼ਰਮਾ, ਰਿਟ. ਸਿੱਖਿਆ ਡਾਇਰੈਕਟਰ ਰੋਸ਼ਨ ਸੂਦ ਅਤੇ ਪਤਵੰਤੇ ਹਾਜ਼ਰ ਸਨ। ਪ੍ਰਬੰਧਕਾਂ ਵਲੋਂ ਸ੍ਰੀ ਚੀਮਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

ਦਮਨਦੀਪ ਸਿੰਘ ਪ੍ਰਿੰਟਰ, ਪਬਲਿਸ਼ਰ ਅਤੇ ਐਡੀਟਰ ਨੇ ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ, 593, ਐਸ.ਐਸ.ਟੀ. ਨਗਰ, ਪਟਿਆਲਾ ਦੇ ਕੀਪਰ ਪਰਮਜੀਤ ਸਿੰਘ ਤੋਂ ਛਪਵਾ ਕੇ ਦਫ਼ਤਰ 'ਰੋਜ਼ਾਨਾ ਚੜ੍ਹਦੀਕਲਾ', 3205 ਸੈਕਟਰ 44-ਡੀ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ। ਮਾਲਕ: ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ, ਪ੍ਰਾਈਵੇਟ ਲਿਮਟਿਡ।
PRGI (RNI) Regd. No. CHPUN/25/A1790

Printed, Published & Edited by Damandeep Singh on behalf of Charhdikala Printing Press Pvt. Ltd. Printed at Charhdikala Printing Press, 593, SST Nagar, Patiala keeper Paramjit Singh, Published at Office Daily Charhdikala, 3205, Sector 44-D, Chandigarh.
PRGI (RNI) Regd. No. CHPUN/25/A1790

# ਚੰਦਰ ਜਯੋਤੀ ਸਿੰਘ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਅਨਾਜ ਮੰਡੀਆਂ 'ਚ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ



ਸ੍ਰੀ ਅਨੰਦਪੁਰ ਸਾਹਿਬ, 22 ਅਪ੍ਰੈਲ (ਤਰਲੋਚਨ ਸਿੰਘ) : ਚੰਦਰ ਜਯੋਤੀ ਸਿੰਘ ਆਈ.ਏ.ਐਸ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਨੇ ਅੱਜ ਸ੍ਰੀ ਅਨੰਦਪੁਰ ਸਾਹਿਬ ਅਧੀਨ ਆਉਂਦੀਆਂ ਅਨਾਜ ਮੰਡੀਆਂ ਦਾ ਦੌਰਾ ਕੀਤਾ ਅਤੇ ਕਣਕ ਦੀ ਖਰੀਦ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ ਉਹਨਾਂ ਨੇ ਅਨਾਜ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਕੀਤੇ ਪ੍ਰਬੰਧਾਂ ਦਾ ਵੀ ਨਿਰੀਖਣ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਚੰਦਰ ਜਯੋਤੀ ਸਿੰਘ ਨੇ ਕਿਹਾ ਕੀ ਕਿਸਾਨਾਂ ਦੀ ਫਸਲ ਦੀ ਖਰੀਦ ਲਈ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਸਾਰੇ ਪ੍ਰਬੰਧ ਮੁਕੰਮਲ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ ਜਾ ਚੁੱਕੇ ਹਨ। ਸ੍ਰੀ ਅਨੰਦਪੁਰ ਸਾਹਿਬ ਅਤੇ ਜ਼ਿਲ੍ਹਾ ਰੂਪਨਗਰ ਦੀਆਂ ਸਾਰੀਆਂ ਅਨਾਜ ਮੰਡੀਆਂ ਵਿੱਚ ਖਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਹਨ। ਉਨਾਂ ਨੇ ਕਿਹਾ ਕਿ ਅਨਾਜ ਮੰਡੀਆ ਵਿੱਚ ਕਿਸਾਨਾਂ ਦੀ ਸਹੂਲਤ ਲਈ ਤਰਪਾਲਾਂ, ਬਾਰਦਾਨਾ, ਸਫਾਈ, ਪੀਣ ਵਾਲਾ ਪਾਣੀ, ਪਖਾਨੇ ਅਤੇ ਰੋਸ਼ਨੀ ਦੀ ਢੁੱਕਵੀਂ ਵਿਵਸਥਾ ਕੀਤੀ ਹੋਈ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨਾਂ ਦੀ ਫਸਲ ਦਾ ਦਾਣਾ-ਦਾਣਾ ਖਰੀਦਿਆ ਜਾ ਰਿਹਾ ਹੈ ਉਹਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਖੱਜਲ-ਖੁਆਰੀ ਨਹੀਂ ਹੋਣ ਦਿੱਤੀ ਜਾ ਰਹੀ। ਉਹਨਾਂ ਨੇ ਕਿਹਾ ਕਿ ਕਿਸਾਨਾਂ ਨੂੰ ਇਸ ਦੇ ਨਾਲ ਹੀ ਅਪੀਲ ਕੀਤੀ ਗਈ ਹੈ ਕਿ ਉਹ ਆਪਣੀ ਫਸਲ ਮੰਡੀਆਂ ਵਿੱਚ ਪੂਰੀ ਤਰ੍ਹਾਂ ਸੁਕਾ ਕੇ ਲਿਆਉਣ ਤਾਂ ਜੋ ਉਹਨਾਂ ਨੂੰ ਅਨਾਜ ਮੰਡੀਆਂ ਵਿੱਚ ਬਿਨਾਂ ਦੇਰੀ ਖਰੀਦ ਕਰਕੇ ਅਦਾਇਗੀ ਕੀਤੀ ਜਾ ਸਕੇ। ਵਧੀਕ ਡਿਪਟੀ ਕਮਿਸ਼ਨਰ ਨੇ ਹੋਰ ਦੱਸਿਆ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਸਾਰੀਆਂ ਸਹੂਲਤਾਂ ਸ਼ੈੱਡ ਆਦਿ ਉਪਲੱਬਧ ਕਰਵਾਏ ਗਏ ਹਨ। ਉਹਨਾਂ ਨੇ ਕਿਹਾ ਕਿ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਗਈ ਹੈ ਕਿ ਉਹ ਆਪਣੀ ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਹੀ ਮਿਲਾਉਣ ਉਹਨਾਂ ਨੂੰ ਅੱਗ ਨਾ ਲਗਾਉਣ ਕਿਉਂਕਿ ਅੱਗ ਲਗਾਉਣ ਨਾਲ ਮਿੱਤਰ ਕੀੜੇ ਮਰ ਜਾਂਦੇ ਹਨ। ਉਹਨਾਂ ਨੇ ਕਿਹਾ ਕਿ ਖਾਦਾਂ ਅਤੇ ਕੀਟਨਾਸ਼ਕ ਦੀ ਅੰਨ੍ਹੇਵਾਹ ਵਰਤੋਂ ਨਾ ਕੀਤੀ ਜਾਵੇ ਕਿਉਂਕਿ ਇਸ ਦੇ ਨਾਲ ਵਾਤਾਵਰਨ ਵਿਸ਼ੈਲਾ ਬਣਦਾ ਹੈ। ਉਹਨਾਂ ਨੇ ਕਿਹਾ ਕਿ ਅੱਗ ਲਾਉਣ ਨਾਲ ਆਮ ਤੌਰ 'ਤੇ ਪਸ਼ੂ-ਪੰਛੀਆਂ ਦਾ ਵੀ ਨੁਕਸਾਨ ਹੋ ਜਾਂਦਾ ਹੈ ਅਤੇ ਵਾਤਾਵਰਨ ਵੀ ਦੂਸ਼ਿਤ ਹੁੰਦਾ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਸੀ ਅਨਾਜ ਮੰਡੀਆਂ 'ਤੇ ਨਿਰੰਤਰ ਨਜ਼ਰ ਰੱਖ ਰਹੇ ਹਾਂ ਸਾਰੇ ਪ੍ਰਬੰਧ ਸੁਚਾਰੂ ਕੀਤੇ ਹੋਏ ਹਨ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਪੇਸ਼ ਨਹੀਂ ਆ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਅਗੰਮਪੁਰ ਅਨਾਜ ਮੰਡੀ ਵਿੱਚ ਹੁਣ ਤੱਕ ਕੁੱਲ 1950 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ ਜਿਸ ਵਿਚੋਂ 1836 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਹੋਈ ਕੀਤੀ ਜਾ ਚੁੱਕੀ ਹੈ ਅਤੇ 1465 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ, ਜਿਸ ਵਿੱਚ ਪਨਗਰੇਨ ਵੱਲੋਂ1816 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਹੈ ਅਤੇ ਮਾਰਕਫੈਡ ਨੇ 20 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਹੈ। ਇਸ ਮੌਕੇ ਉਹਨਾਂ ਨੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ, ਆੜ੍ਹਤੀਆਂ, ਕਿਸਾਨਾਂ ਅਤੇ ਅਨਾਜ ਮੰਡੀਆਂ ਵਿੱਚ ਕੰਮ ਕਰ ਰਹੇ ਮਜ਼ਦੂਰਾਂ ਨਾਲ ਗੱਲਬਾਤ ਕੀਤੀ ਅਤੇ ਉਹਨਾਂ ਤੋਂ ਚੱਲ ਰਹੇ ਖਰੀਦ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਲ ਕੀਤੀ।

# ਸ੍ਰੀ ਕੀਰਤਪੁਰ ਸਾਹਿਬ ਦੀ ਪੁਲਿਸ ਵੱਲੋਂ 9 ਗ੍ਰਾਮ ਹੈਰੋਇਨ ਸਮੇਤ ਇੱਕ ਨੌਜਵਾਨ ਕਾਬੂ



ਸ੍ਰੀ ਕੀਰਤਪੁਰ ਸਾਹਿਬ, 22 ਅਪ੍ਰੈਲ (ਬੀ ਐਸ ਰਾਣਾ) : ਜ਼ਿਲ੍ਹਾ ਪੁਲਿਸ ਮੁਖੀ ਰੂਪਨਗਰ ਮਨਿੰਦਰ ਸਿੰਘ ਆਈਪੀਐਸ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਸ਼ੁਰੂ ਕੀਤੀ ਮੁਹਿੰਮ ਦੇ ਤਹਿਤ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਿਸ ਵੱਲੋਂ 09 ਗ੍ਰਾਮ ਹੈਰੋਇਨ ਸਮੇਤ ਇੱਕ ਨੌਜਵਾਨ ਨੂੰ ਕਾਬੂ ਕਰਨ ਵੀ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਐਸ ਐਚ ਓ ਇੰਸਪੈਕਟਰ ਰਾਹੁਲ ਸ਼ਰਮਾ ਨੇ ਦੱਸਿਆ ਕਿ ਨਸ਼ਾ ਤਸਕਰੀ ਖ਼ਿਲਾਫ਼ ਕਾਰਵਾਈ ਕਰਦੇ ਹੋਏ ਥਾਣਾ ਕੀਰਤਪੁਰ ਸਾਹਿਬ ਦੀ ਪੁਲਿਸ ਟੀਮ ਰੋਜ਼ਾਨਾ ਦੀ ਤਰ੍ਹਾਂ ਸ਼ੱਕੀ ਵਿਅਕਤੀਆਂ ਦੀ ਤਲਾਸ਼ ਤੇ ਚੈਕਿੰਗ ਦੇ ਸਬੰਧ ਵਿੱਚ ਸ਼ਾਮ ਕਰੀਬ 5:15 ਵਜੇ ਬਾਬਾ ਗੁਰਦਿੱਤਾ ਜੀ ਐਸਵਾਈਐਲ ਨਹਿਰ ਦੀ ਪਟੜੀ ਰਾਹੀਂ ਪਿੰਡ ਭਗਵਾਲਾ ਨੂੰ ਜਾ ਰਹੀ ਸੀ, ਜਦੋਂ ਪੁਲਿਸ ਪਾਰਟੀ ਬਾਹੱਦ ਪਿੰਡ ਭਟੋਲੀ ਨਜ਼ਦੀਕ ਪੁੱਜੀ ਤਾਂ ਇੱਕ ਨੌਜਵਾਨ ਨਹਿਰ ਦੇ ਕਿਨਾਰੇ ਆਪਣਾ ਮੋਟਰਸਾਈਕਲ ਸਟੈਂਡ ਤੇ ਲਗਾ ਕੇ ਖੜ੍ਹਾ ਸੀ ਜੋ ਕਿ ਪੁਲਿਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਘਬਰਾ ਗਿਆ ਅਤੇ ਆਪਣੀ ਜੇਬ ਵਿੱਚੋਂ ਕਾਲੇ ਰੰਗ ਦਾ ਲਿਫਾਫਾ ਬਾਹਰ ਕੱਢ ਕੇ ਸੜਕ ਕਿਨਾਰੇ ਸੁੱਟ ਦਿੱਤਾ। ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਨੌਜਵਾਨ ਨੂੰ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ। ਪੁੱਛਗਿੱਛ ਦੌਰਾਨ ਉਸ ਨੇ ਆਪਣਾ ਨਾਮ ਰੋਹਿਤ ਹੀਰ ਵਾਸੀ ਪਿੰਡ ਬਾਠਕਲਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਦੱਸਿਆ ਅਤੇ ਲਿਫਾਫੇ ਵਿੱਚ ਹੈਰੋਇਨ ਹੋਣ ਬਾਰੇ ਦੱਸਿਆ। ਜਿਸ ਤੋਂ ਬਾਅਦ ਗਸ਼ਤ ਪਾਰਟੀ ਦੇ ਇੰਚਾਰਜ ਦੇ ਬਿਆਨਾਂ ਦੇ ਆਧਾਰ ਉੱਪਰ ਰੋਹਿਤ ਹੀਰ ਦੇ ਖਿਲਾਫ ਮਾਮਲਾ ਦਰਜ ਕਰਕੇ ਮੌਕੇ ਉੱਪਰ ਸਮਰੱਥ ਅਧਿਕਾਰੀ ਵੱਲੋਂ ਪਹੁੰਚ ਕੇ ਸੜਕ ਕਿਨਾਰੇ ਸੁੱਟੇ ਲਿਫਾਫੇ ਦੀ ਜਾਂਚ ਕੀਤੀ ਗਈ ਜਿਸ ਵਿੱਚੋਂ 9 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਮੁਖੀ ਨੇ ਦੱਸਿਆ ਕਿ ਉਕਤ ਨੌਜਵਾਨ ਨੂੰ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਹੈ। ਜਿਸ ਨੂੰ ਕੱਲ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਥਾਣਾ ਮੁਖੀ ਰੋਹਿਤ ਸ਼ਰਮਾ ਨੇ ਕਿਹਾ ਕਿ ਉਹ ਆਪਣੇ ਇਲਾਕੇ ਵਿੱਚ ਨਸ਼ਾ ਵੇਚਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਣਗੇ ਨਹੀਂ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਿਹੜਾ ਵੀ ਨਸ਼ਾ ਵੇਚਦਾ ਹੈ ਉਸ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ ਜਾਵੇ।




## 2026 ਵਿੱਚ ਐਲ ਨੀਨੋ ਹੋ ਸਕਦਾ ਹੈ ਖ਼ਤਰਨਾਕ

# ਪ੍ਰਚੰਡ ਹੋਵੇਗੀ ਮੌਸਮ ਦੀ ਮਾਰ

8,046 ਕਿਲੋਮੀਟਰ ਲੰਬੀ ਸਮੁੰਦਰੀ ਗਰਮੀ ਦੀ ਲਹਿਰ ਪ੍ਰਸ਼ਾਂਤ ਮਹਾਸਾਗਰ ਵਿੱਚ ਫੈਲ ਗਈ ਹੈ, ਜਿਸ ਨਾਲ ਇੱਕ ਸੰਭਾਵੀ "ਮੈਗਾ ਐਲ ਨੀਨੋ" ਦੀ ਸੰਭਾਵਨਾ ਵਧ ਗਈ ਹੈ। ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ 2026-27 ਦੌਰਾਨ ਬਹੁਤ ਜ਼ਿਆਦਾ ਗਰਮੀ, ਸੋਕਾ ਅਤੇ ਭਾਰੀ ਫਸਲਾਂ ਦਾ ਨੁਕਸਾਨ ਹੋ ਸਕਦਾ ਹੈ। ਇਹ ਦੱਸਿਆ ਜਾ ਰਿਹਾ ਹੈ ਕਿ ਇਹ 1877 ਤੋਂ ਬਾਅਦ ਸਭ ਤੋਂ ਸ਼ਕਤੀਸ਼ਾਲੀ ਐਲ ਨੀਨੋ ਘਟਨਾ ਹੋ ਸਕਦੀ ਹੈ, ਜਦੋਂ ਬਹੁਤ ਜ਼ਿਆਦਾ ਗਰਮੀ, ਸੋਕਾ ਅਤੇ ਬਿਮਾਰੀ ਦੁਨੀਆ ਦੇ ਕਈ ਹਿੱਸਿਆਂ ਵਿੱਚ ਫੈਲ ਗਈ, ਜਿਸ ਨਾਲ 4% ਆਬਾਦੀ ਖਤਮ ਹੋ ਗਈ। ਹੁਣ, ਮਾਹਰ ਕਹਿੰਦੇ ਹਨ ਕਿ ਇਹ ਸਥਿਤੀ 2026-27 ਵਿੱਚ ਇੱਕ ਵੱਡੀ ਵਿਸ਼ਵਵਿਆਪੀ ਆਫ਼ਤ ਵਿੱਚ ਬਦਲ ਸਕਦੀ ਹੈ। ਐਲ ਨੀਨੋ ਇੱਕ ਕੁਦਰਤੀ ਮੌਸਮੀ ਵਰਤਾਰਾ ਹੈ ਜਿਸ ਵਿੱਚ ਗਰਮ ਖੰਡੀ ਪ੍ਰਸ਼ਾਂਤ ਮਹਾਸਾਗਰ ਦੇ ਪਾਣੀ ਅਸਧਾਰਨ ਤੌਰ 'ਤੇ ਗਰਮ ਹੋ ਜਾਂਦੇ ਹਨ। ਆਮ ਐਲ ਨੀਨੋ ਹਰ 2-7 ਸਾਲਾਂ ਵਿੱਚ ਹੁੰਦੇ ਹਨ, ਪਰ ਇਸ ਵਾਰ ਇਹ ਸੁਪਰ ਜਾਂ ਮੈਗਾ-ਲੈਵਲ ਹੁੰਦਾ ਜਾ ਰਿਹਾ ਹੈ। ਇਸ ਦੇ ਕਾਰਨ ਸਮੁੰਦਰੀ ਗਰਮੀ ਦੀ ਲਹਿਰ, ਇੱਕ ਸਕਾਰਾਤਮਕ ਪ੍ਰਸ਼ਾਂਤ ਮੈਰੀਡੀਓਨਲ ਮੋਡ, ਅਤੇ ਗਰਮ ਦੱਖਣੀ ਹਵਾਵਾਂ ਹਨ।ਬੇਨ ਨੋਲ ਵਰਗੇ ਮੌਸਮ ਵਿਗਿਆਨੀਆਂ ਦੇ ਅਨੁਸਾਰ, ਇਹ ਲਹਿਰ ਐਲ ਨੀਨੋ ਨੂੰ ਮਜ਼ਬੂਤ ਕਰ ਰਹੀ ਹੈ। ਵਧਦੀ ਗਰਮੀ ਅਤੇ ਨਮੀ ਪੱਛਮੀ ਦੇਸ਼ਾਂ ਵਿੱਚ ਗਰਮੀ ਦੀਆਂ ਲਹਿਰਾਂ ਨੂੰ ਤੇਜ਼ ਕਰ ਸਕਦੀ ਹੈ। ਵਿਗਿਆਨੀਆਂ ਦਾ ਅਨੁਮਾਨ ਹੈ ਕਿ ਇਹ ਪੈਟਰਨ 140 ਸਾਲਾਂ ਵਿੱਚ ਸਭ ਤੋਂ ਤੇਜ਼ ਹੋ ਸਕਦਾ ਹੈ।

ਪ੍ਰਸ਼ਾਂਤ ਮਹਾਸਾਗਰ ਵਿੱਚ 8,046 ਕਿਲੋਮੀਟਰ ਤੱਕ ਫੈਲੀ ਇੱਕ ਗਰਮੀ ਦੀ ਲਹਿਰ ਮਾਈਕ੍ਰੋਨੇਸ਼ੀਆ ਤੋਂ ਕੈਲੀਫੋਰਨੀਆ ਤੱਕ ਫੈਲ ਗਈ ਹੈ। ਇਸਨੂੰ ਕੈਲੀਫੋਰਨੀਆ ਦੇ ਨੇੜੇ "ਦ ਬਲੌਬ" ਕਿਹਾ ਜਾ ਰਿਹਾ ਹੈ। ਇੱਥੇ ਸਮੁੰਦਰ ਦੀ ਸਤ੍ਹਾ ਦਾ ਤਾਪਮਾਨ ਰਿਕਾਰਡ ਪੱਧਰ 'ਤੇ ਹੈ। NOAA ਦੀ ਇੱਕ ਰਿਪੋਰਟ ਦੇ ਅਨੁਸਾਰ, ਇਸ ਲਹਿਰ ਦੀ ਤੀਬਰਤਾ ਬਹੁਤ ਵੱਡੀ ਹੈ। ਇਹ ਲਹਿਰ ਤੇਜ਼ੀ ਨਾਲ ਐਲ ਨੀਨੋ ਨੂੰ ਮਜ਼ਬੂਤ ਕਰ ਰਹੀ ਹੈ, ਸਮੁੰਦਰੀ ਜੀਵਨ ਨੂੰ ਪ੍ਰਭਾਵਿਤ ਕਰ ਰਹੀ ਹੈ ਅਤੇ ਮੌਸਮ ਦੇ ਪੈਟਰਨ ਬਦਲ ਰਹੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਗਰਮੀ ਦੀ ਲਹਿਰ ਐਲ ਨੀਨੋ ਨੂੰ ਹੋਰ ਵਧਾਏਗੀ, ਜਿਸ ਨਾਲ ਸਾਲ ਭਰ ਮੌਸਮ ਦੀ ਅਨਿਯਮਿਤਤਾ ਹੋਵੇਗੀ।

ਦੁਨੀਆ ਭਰ ਵਿੱਚ ਇਸਦਾ ਕੀ ਪ੍ਰਭਾਵ ਪਵੇਗਾ? ਐਲ ਨੀਨੋ ਦਾ ਪੂਰੀ ਦੁਨੀਆ 'ਤੇ ਪ੍ਰਭਾਵ ਪਵੇਗਾ। ਆਸਟ੍ਰੇਲੀਆ, ਦੱਖਣੀ ਅਤੇ ਮੱਧ ਅਫਰੀਕਾ, ਭਾਰਤ ਅਤੇ ਐਮਾਜ਼ਾਨ ਰੇਨਫੋਰੈਸਟ ਵਿੱਚ ਸੋਕਾ ਅਤੇ ਅਤਿਅੰਤ ਗਰਮੀ ਵਧੇਗੀ। ਅੱਗ ਲੱਗਣ ਦਾ ਖ਼ਤਰਾ ਵਧੇਗਾ। ਦੱਖਣੀ ਸੰਯੁਕਤ ਰਾਜ ਅਮਰੀਕਾ ਵਿੱਚ ਭਾਰੀ ਬਾਰਿਸ਼ ਅਤੇ ਹੜ੍ਹ ਆ ਸਕਦੇ ਹਨ। ਉੱਤਰੀ ਅਮਰੀਕਾ ਵਿੱਚ ਗਰਮੀ ਵਧੇਗੀ। ਦੱਖਣੀ ਅਮਰੀਕਾ ਦੇ ਕੁਝ ਹਿੱਸਿਆਂ ਵਿੱਚ ਸੋਕਾ ਪਵੇਗਾ। ਏਸ਼ੀਆ ਅਤੇ ਅਫਰੀਕਾ ਦੇ ਕਈ ਦੇਸ਼ਾਂ ਵਿੱਚ ਫਸਲਾਂ ਪ੍ਰਭਾਵਿਤ ਹੋਣਗੀਆਂ। ਸਮੁੰਦਰੀ ਗਰਮੀ ਦੀਆਂ ਲਹਿਰਾਂ ਤੂਫਾਨਾਂ ਅਤੇ ਭਾਰੀ ਬਾਰਿਸ਼ ਦੀ ਸੰਭਾਵਨਾ ਨੂੰ ਵਧਾ ਦੇਣਗੀਆਂ। ਕੁੱਲ ਮਿਲਾ ਕੇ, ਮੌਸਮ ਦੇ ਪੈਟਰਨ ਪੂਰੀ ਤਰ੍ਹਾਂ ਵਿਘਨ ਪੈ ਜਾਣਗੇ। ਭਾਰਤ 'ਤੇ ਕੀ ਪ੍ਰਭਾਵ ਪਵੇਗਾ? ਗਰਮੀਆਂ ਦਾ ਤਾਪਮਾਨ ਵਧੇਗਾ? ਭਾਰਤ ਇਸ ਮੈਗਾ ਐਲ ਨੀਨੋ ਤੋਂ ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ ਵਿੱਚੋਂ ਇੱਕ ਹੈ। ਵਿਗਿਆਨੀਆਂ ਦੇ ਅਨੁਸਾਰ, 2026 ਦੀਆਂ ਗਰਮੀਆਂ ਵਿੱਚ ਤਾਪਮਾਨ ਆਮ ਨਾਲੋਂ ਬਹੁਤ ਜ਼ਿਆਦਾ ਹੋਵੇਗਾ। ਦਿੱਲੀ-ਐਨਸੀਆਰ, ਰਾਜਸਥਾਨ ਅਤੇ ਉੱਤਰੀ ਭਾਰਤ ਪਹਿਲਾਂ ਹੀ ਅਪ੍ਰੈਲ ਵਿੱਚ 40 ਡਿਗਰੀ ਸੈਲਸੀਅਸ ਤੋਂ ਵੱਧ ਗਿਆ ਹੈ। ਐਲ ਨੀਨੋ ਕਾਰਨ ਮਾਨਸੂਨ ਤੋਂ ਪਹਿਲਾਂ ਦੀ ਗਰਮੀ ਤੇਜ਼ ਹੋ ਜਾਵੇਗੀ। ਜੂਨ-ਸਤੰਬਰ ਦਾ ਮਾਨਸੂਨ ਕਮਜ਼ੋਰ ਹੋ ਸਕਦਾ ਹੈ, ਜਿਸ ਨਾਲ ਸੋਕੇ ਦਾ ਖ਼ਤਰਾ ਵਧ ਸਕਦਾ ਹੈ।

ਉੱਤਰ-ਪੱਛਮੀ ਭਾਰਤ ਵਿੱਚ ਸੋਕੇ ਦੀਆਂ ਸਥਿਤੀਆਂ ਵਿਕਸਤ ਹੋ ਸਕਦੀਆਂ ਹਨ। ਖੇਤੀਬਾੜੀ ਪ੍ਰਭਾਵਿਤ ਹੋਵੇਗੀ, ਅਤੇ ਫਸਲਾਂ ਦੀ ਪੈਦਾਵਾਰ ਘੱਟ ਸਕਦੀ ਹੈ। ਗਰਮੀਆਂ ਲੰਬੀਆਂ ਅਤੇ ਵਧੇਰੇ ਤੀਬਰ ਹੋਣਗੀਆਂ। ਉੱਚ ਨਮੀ ਇਸਨੂੰ ਗਰਮ ਅਤੇ ਵਧੇਰੇ ਨਮੀ ਵਾਲਾ ਮਹਿਸੂਸ ਕਰਵਾਏਗੀ। ਕੁੱਲ ਮਿਲਾ ਕੇ, ਇਸ ਗਰਮੀਆਂ ਵਿੱਚ ਤਾਪਮਾਨ ਨਿਸ਼ਚਤ ਤੌਰ 'ਤੇ ਵਧੇਗਾ ਅਤੇ ਲੋਕਾਂ ਨੂੰ ਭਾਰੀ ਗਰਮੀ ਦਾ ਸਾਹਮਣਾ ਕਰਨਾ ਪਵੇਗਾ।

**2026**

**ਵਿੱਚ ਗਰਮੀਆਂ ਦਾ ਮੌਸਮ ਭਾਰਤ ਵਿੱਚ ਹੋਵੇਗਾ ਰਿਕਾਰਡ ਤੋੜਨ**

**52 ਫੀਸਦੀ**

**ਖੇਤੀਬਾੜੀ ਜ਼ਮੀਨ ਅਤੇ ਖੁੱਲ੍ਹੇ ਵਿੱਚ ਕੰਮ ਕਰਨ ਵਾਲੇ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ**

**2024**

**ਅਪ੍ਰੈਲ ਤੋਂ ਹਰ ਮਹੀਨੇ ਤਾਪਮਾਨ ਨੇ ਨਵੇਂ ਰਿਕਾਰਡ ਬਣਾਏ ਸਨ**

।ਭਾਰਤ ਵਿੱਚ ਤਾਪਮਾਨ ਪਿਛਲੇ ਦੋ ਸਾਲਾਂ ਤੋਂ ਰਿਕਾਰਡ ਤੋੜ ਰਿਹਾ ਹੈ। ਅਪ੍ਰੈਲ 2024 ਤੋਂ, ਦੇਸ਼ ਦੇ ਕਿਸੇ ਨਾ ਕਿਸੇ ਹਿੱਸੇ ਵਿੱਚ ਹਰ ਮਹੀਨੇ ਵੱਧ ਤੋਂ ਵੱਧ, ਘੱਟੋ-ਘੱਟ ਜਾਂ ਔਸਤ ਤਾਪਮਾਨ ਦੇ ਨਵੇਂ ਰਿਕਾਰਡ ਕਾਇਮ ਕੀਤੇ ਹਨ। ਸਿਰਫ਼ ਮਾਰਚ 2025 ਹੀ ਕੁਝ ਰਾਹਤ ਲੈ ਕੇ ਆਇਆ। ਹੁਣ, 2026 (ਮਾਰਚ ਤੋਂ ਮਈ) ਦਾ ਗਰਮੀਆਂ ਦਾ ਮੌਸਮ ਹੋਰ ਵੀ ਖ਼ਤਰਨਾਕ ਹੋਣ ਵਾਲਾ ਹੈ। ਭਾਰਤ ਮੌਸਮ ਵਿਭਾਗ (IMD) ਨੇ ਚੇਤਾਵਨੀ ਦਿੱਤੀ ਹੈ ਕਿ ਹਿਮਾਲਿਆ, ਉੱਤਰ-ਪੂਰਬ ਅਤੇ ਪੱਛਮੀ ਘਾਟ ਵਰਗੇ ਪਹਾੜੀ ਖੇਤਰ ਆਮ ਨਾਲੋਂ ਜ਼ਿਆਦਾ ਗਰਮੀ ਦਾ ਅਨੁਭਵ ਕਰਨਗੇ।

52% ਖੇਤੀਬਾੜੀ ਜ਼ਮੀਨ ਸਿੰਚਾਈ 'ਤੇ ਨਿਰਭਰ ਕਰਦੀ ਹੈ। ਲੱਖਾਂ ਲੋਕ ਖੁੱਲ੍ਹੇ ਵਿੱਚ ਕੰਮ ਕਰਦੇ ਹਨ। ਸਿੱਟੇ ਵਜੋਂ, ਇਹ ਗਰਮੀ ਨਾ ਸਿਰਫ਼ ਸਿਹਤ ਨੂੰ ਨੁਕਸਾਨ ਪਹੁੰਚਾਏਗੀ, ਸਗੋਂ ਫਸਲਾਂ, ਪਾਣੀ ਅਤੇ ਆਰਥਿਕਤਾ ਨੂੰ ਵੀ ਪ੍ਰਭਾਵਿਤ ਕਰੇਗੀ। ਅਪ੍ਰੈਲ 2024 ਵਿੱਚ, ਦੱਖਣੀ ਪ੍ਰਾਇਦੀਪ ਭਾਰਤ ਨੇ ਰਿਕਾਰਡ 'ਤੇ ਦੂਜੇ ਸਭ ਤੋਂ ਵੱਧ ਔਸਤ ਤਾਪਮਾਨ ਦਰਜ ਕੀਤਾ, ਜਦੋਂ ਕਿ ਪੂਰਬੀ ਅਤੇ ਉੱਤਰ-ਪੂਰਬੀ ਭਾਰਤ ਨੇ ਸਭ ਤੋਂ ਵੱਧ ਦਰਜ ਕੀਤਾ। ਮਈ ਵਿੱਚ, ਪੂਰਬੀ, ਉੱਤਰ-ਪੂਰਬੀ ਅਤੇ ਉੱਤਰ-ਪੱਛਮੀ ਭਾਰਤ ਨੇ ਤੀਜੇ ਸਭ ਤੋਂ ਵੱਧ ਔਸਤ ਅਤੇ ਵੱਧ ਤੋਂ ਵੱਧ ਤਾਪਮਾਨ ਦਰਜ ਕੀਤਾ। 2026 ਵਿੱਚ ਸੁਪਰ ਐਲ ਨੀਨੋ ਦਾ ਖ਼ਤਰਾ - NOAA ਅਤੇ ECMWF ਦੇ ਅਨੁਸਾਰ, ਜੂਨ-ਅਗਸਤ 2026 ਵਿੱਚ ਐਲ ਨੀਨੋ ਦੇ ਵਿਕਾਸ ਦੀ 62 ਪ੍ਰਤੀਸ਼ਤ ਸੰਭਾਵਨਾ ਹੈ। ਇਹ ਸੰਭਾਵਨਾ ਅਗਸਤ-ਅਕਤੂਬਰ ਤੱਕ 80 ਪ੍ਰਤੀਸ਼ਤ ਤੱਕ ਵਧ ਸਕਦੀ ਹੈ। ਬਹੁਤ ਸਾਰੇ ਮਾਡਲ ਸੁਪਰ ਐਲ ਨੀਨੋ ਦੀ ਭਵਿੱਖਬਾਣੀ ਕਰਦੇ ਹਨ, ਜਿਸ ਵਿੱਚ ਸਮੁੰਦਰ ਦੀ ਸਤ੍ਹਾ ਦਾ ਤਾਪਮਾਨ 2 ਡਿਗਰੀ ਸੈਲਸੀਅਸ ਤੋਂ ਵੱਧ ਹੋਵੇਗਾ। ਪਿਛਲੀ ਸੁਪਰ ਐਲ ਨੀਨੋ 2015-16, 1997-98 ਅਤੇ 1982-83 ਵਿੱਚ ਹੋਈ ਸੀ। ਇਨ੍ਹਾਂ ਘਟਨਾਵਾਂ ਨੇ ਵਿਸ਼ਵਵਿਆਪੀ ਤਾਪਮਾਨ ਦੇ ਰਿਕਾਰਡ ਕਾਇਮ ਕੀਤੇ, ਸੋਕੇ ਦਾ ਕਾਰਨ ਬਣੇ ਅਤੇ ਮਾਨਸੂਨ ਵਿੱਚ ਵਿਘਨ ਪਾਇਆ। 2026 ਦਾ ਸੁਪਰ ਐਲ ਨੀਨੋ ਭਾਰਤ ਵਿੱਚ ਗਰਮੀ ਵਧਾਏਗਾ, ਮਾਨਸੂਨ ਨੂੰ ਕਮਜ਼ੋਰ ਕਰੇਗਾ, ਅਤੇ ਪਹਾੜੀ ਖੇਤਰਾਂ ਵਿੱਚ ਸੋਕੇ ਅਤੇ ਅੱਗ ਦੇ ਜੋਖਮ ਨੂੰ ਵਧਾਏਗਾ। EC-MWF ਮਾਡਲ ਦੇ ਅਨੁਸਾਰ, ਜੂਨ-ਸਤੰਬਰ ਵਿੱਚ ਮਾਨਸੂਨ ਬ੍ਰੇਕ ਪੜਾਅ ਦੌਰਾਨ ਤਾਪਮਾਨ 2-5 ਡਿਗਰੀ ਸੈਲਸੀਅਸ ਵਧਣ ਦੀ ਉਮੀਦ ਹੈ। ਉੱਤਰ-ਪੱਛਮੀ ਭਾਰਤ ਨੇ ਜੂਨ ਵਿੱਚ ਸਭ ਤੋਂ ਵੱਧ ਵੱਧ ਤਾਪਮਾਨ ਅਨੁਭਵ ਕੀਤਾ, ਅਤੇ ਪੂਰਬ-ਉੱਤਰ-ਪੂਰਬ ਵਿੱਚ ਸਭ ਤੋਂ ਵੱਧ ਘੱਟੋ-ਘੱਟ ਤਾਪਮਾਨ ਅਨੁਭਵ ਕੀਤਾ। ਜੁਲਾਈ ਵਿੱਚ ਪੂਰੇ ਦੇਸ਼ ਲਈ ਦੂਜਾ ਸਭ ਤੋਂ ਵੱਧ ਔਸਤ ਤਾਪਮਾਨ ਦੇਖਿਆ ਗਿਆ। ਅਗਸਤ, ਸਤੰਬਰ ਅਤੇ ਅਕਤੂਬਰ ਵਿੱਚ ਦੇਸ਼ ਭਰ ਵਿੱਚ ਸਭ ਤੋਂ ਵੱਧ ਘੱਟੋ-ਘੱਟ ਤਾਪਮਾਨ ਦੇਖਿਆ ਗਿਆ। ਉੱਤਰ-ਪੱਛਮੀ ਭਾਰਤ ਨੇ ਨਵੰਬਰ ਵਿੱਚ ਅਤੇ ਦੱਖਣੀ ਪ੍ਰਾਇਦੀਪੀ ਭਾਰਤ ਵਿੱਚ ਦਸੰਬਰ ਵਿੱਚ ਨਵੇਂ ਰਿਕਾਰਡ ਕਾਇਮ ਕੀਤੇ। 2025 ਵਿੱਚ, ਪੂਰੇ ਦੇਸ਼ ਨੇ ਜਨਵਰੀ ਵਿੱਚ ਤੀਜਾ ਸਭ ਤੋਂ ਵੱਧ ਵੱਧ ਤਾਪਮਾਨ ਅਤੇ ਫਰਵਰੀ ਵਿੱਚ ਸਭ ਤੋਂ ਵੱਧ ਵੱਧ ਤਾਪਮਾਨ ਦਰਜ ਕੀਤਾ। ਜਦੋਂ ਕਿ ਮਾਰਚ 2025 ਨੇ ਕੁਝ ਰਾਹਤ ਦਿੱਤੀ, 2026 ਦਾ ਗਰਮੀਆਂ ਦਾ ਮੌਸਮ ਪਹਿਲਾਂ ਨਾਲੋਂ ਵੀ ਗਰਮ ਹੋਣ ਦੀ ਉਮੀਦ ਹੈ। IMD ਦੀ ਮਾਸਿਕ ਰਿਪੋਰਟ ਦੇ ਅਨੁਸਾਰ, ਇਹ ਹਰ ਮੌਸਮ ਨੂੰ ਪ੍ਰਭਾਵਿਤ ਕਰਨ ਵਾਲੇ ਜਲਵਾਯੂ ਸੰਕਟ ਦਾ ਸਪੱਸ਼ਟ ਸੰਕੇਤ ਹੈ। ਜਲਵਾਯੂ ਪਰਿਵਰਤਨ ਅਤੇ ਐਲ ਨੀਨੋ-ਲਾ ਨੀਨਾ ਦੇ ਪ੍ਰਭਾਵ ਵਧਦੇ ਤਾਪਮਾਨ ਦੇ ਮੁੱਖ ਕਾਰਕ ਹਨ। ਮਨੁੱਖੀ ਕਾਰਨ ਜਲਵਾਯੂ ਪਰਿਵਰਤਨ ਵਿਸ਼ਵ ਪੱਧਰੀ ਔਸਤ ਸਤ੍ਹਾ ਤਾਪਮਾਨ ਹੈ, ਜੋ ਪਹਿਲਾਂ ਹੀ 1.5 ਡਿਗਰੀ ਸੈਲਸੀਅਸ ਵਧ ਚੁੱਕਾ ਹੈ। ਫਰਵਰੀ 2025 ਤੱਕ, ਪਿਛਲੇ 20 ਮਹੀਨਿਆਂ ਵਿੱਚੋਂ 19 ਇਸ ਹੱਦ ਨੂੰ ਪਾਰ ਕਰ ਗਏ ਸਨ। ਭਾਰਤ ਨੇ ਵੀ ਗਰਮੀ ਵਿੱਚ ਤੇਜ਼ੀ ਨਾਲ ਵਾਧਾ ਦੇਖਿਆ ਹੈ।

ਜਦੋਂ ਕਿ ਪਿਛਲੇ ਸਾਲ ਗਰਮੀ ਵਧੀ, ਭਾਰਤ ਦੀ ਗਰਮੀ ਦਰ ਵਿਸ਼ਵ ਔਸਤ ਤੋਂ ਘੱਟ ਰਹੀ। ਫਿਰ ਵੀ, ਜਨਵਰੀ-ਫਰਵਰੀ 2025 ਵਿੱਚ ਰਿਕਾਰਡ ਕਾਇਮ ਕੀਤੇ ਗਏ। ਵਿਸ਼ਵ ਮੌਸਮ ਵਿਗਿਆਨ ਸੰਗਠਨ (WMO) ਦਾ ਕਹਿਣਾ ਹੈ ਕਿ 2023-2024 ਵਿੱਚ ਗਰਮੀ ਉਮੀਦ ਤੋਂ ਵੱਧ ਸੀ। ਇਸਦਾ ਇੱਕ ਕਾਰਨ ਐਰੋਸੋਲ (ਧੂੜ ਦੇ ਕਣ) ਵਿੱਚ ਕਮੀ ਹੋ ਸਕਦੀ ਹੈ ਜੋ ਪਹਿਲਾਂ ਸੂਰਜ ਦੀ ਰੌਸ਼ਨੀ ਨੂੰ ਰੋਕਦੇ ਸਨ। ਹੁਣ, ਘੱਟ ਐਰੋਸੋਲ ਵਧੇਰੇ ਗਰਮੀ ਵਿੱਚ ਯੋਗਦਾਨ ਪਾ ਰਹੇ ਹਨ। ਐਲ ਨੀਨੋ ਅਤੇ ਲਾ ਨੀਨਾ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਐਲ ਨੀਨੋ ਪ੍ਰਸ਼ਾਂਤ ਮਹਾਸਾਗਰ ਵਿੱਚ ਗਰਮ ਪਾਣੀ ਦਾ ਇੱਕ ਪੜਾਅ ਹੈ ਜੋ ਹਵਾਵਾਂ ਨੂੰ ਕਮਜ਼ੋਰ ਕਰਦਾ ਹੈ। ਇਹ ਭਾਰਤ ਵਿੱਚ ਗਰਮੀ ਵਧਾਉਂਦਾ ਹੈ ਅਤੇ ਮੌਨਸੂਨ ਨੂੰ ਕਮਜ਼ੋਰ ਕਰਦਾ ਹੈ। ਲਾ ਨੀਨਾ ਇੱਕ ਠੰਡਾ ਪੜਾਅ ਹੈ ਜੋ ਆਮ ਤੌਰ 'ਤੇ ਠੰਡ ਲਿਆਉਂਦਾ ਹੈ, ਪਰ 2024 ਵਿੱਚ, ਲਾ ਨੀਨਾ ਕਮਜ਼ੋਰ ਸੀ। ਐਲ ਨੀਨੋ ਮਈ 2024 ਵਿੱਚ ਖਤਮ ਹੋ ਗਿਆ ਸੀ, ਪਰ ਦਸੰਬਰ 2024 ਵਿੱਚ ਇੱਕ ਕਮਜ਼ੋਰ ਲਾ ਨੀਨਾ ਸ਼ੁਰੂ ਹੋਇਆ। ਫਿਰ ਵੀ, ਭਾਰਤ ਨੇ ਦਸੰਬਰ, ਜਨਵਰੀ ਅਤੇ ਫਰਵਰੀ ਵਿੱਚ ਰਿਕਾਰਡ ਗਰਮੀ ਦਾ ਅਨੁਭਵ ਕੀਤਾ।

### ਐਲ ਨੀਨੋ ਕੀ ਹੈ?

ਐਲ ਨੀਨੋ ਪ੍ਰਸ਼ਾਂਤ ਮਹਾਸਾਗਰ ਵਿੱਚ ਗਰਮ ਪਾਣੀ ਦਾ ਇੱਕ ਪੜਾਅ ਹੈ ਜੋ ਹਵਾਵਾਂ ਨੂੰ ਕਮਜ਼ੋਰ ਕਰਦਾ ਹੈ। ਇਹ ਭਾਰਤ ਵਿੱਚ ਗਰਮੀ ਵਧਾਉਂਦਾ ਹੈ ਅਤੇ ਮਾਨਸੂਨ ਨੂੰ ਕਮਜ਼ੋਰ ਕਰਦਾ ਹੈ।

### ਆਖਰੀ ਵਾਰ ਕਦੋਂ ਸੀ ਅਤੇ ਕਿੰਨਾ ਨੁਕਸਾਨ ਹੋਇਆ ਸੀ?

ਆਖਰੀ ਵਾਰ ਜਦੋਂ ਇੱਕ ਸ਼ਕਤੀਸ਼ਾਲੀ ਐਲ ਨੀਨੋ ਦੇਸ਼ ਵਿੱਚ 2023-24 ਵਿੱਚ ਆਇਆ ਸੀ। ਸਾਉਣੀ ਦੀਆਂ ਫਸਲਾਂ (ਚਾਵਲ, ਸੋਇਆਬੀਨ ਅਤੇ ਕਪਾਹ) ਨੂੰ ਨੁਕਸਾਨ ਪਹੁੰਚਿਆ। ਚੌਲਾਂ ਦੇ ਨਿਰਯਾਤ 'ਤੇ ਪਾਬੰਦੀ ਲਗਾਉਣੀ ਪਈ, ਅਤੇ ਖੁਰਾਕੀ ਮਹਿੰਗਾਈ ਵੀ ਵਧ ਗਈ।

### ਇਸ ਵਾਰ ਐਲ ਨੀਨੋ ਕੀ ਨੁਕਸਾਨ ਕਰ ਸਕਦਾ ਹੈ?

ਆਈਐਮਡੀ ਨੇ 92% (ਆਮ ਤੋਂ ਘੱਟ) ਮਾਨਸੂਨ ਦੀ ਭਵਿੱਖਬਾਣੀ ਕੀਤੀ ਹੈ। ਖੁਰਾਕੀ ਮਹਿੰਗਾਈ ਵਧੇਗੀ, ਅਤੇ ਨਿਰਯਾਤ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ। ਤੇਜ਼ ਗਰਮੀ ਸਪੱਸ਼ਟ ਤੌਰ 'ਤੇ ਬਿਜਲੀ ਦੀ ਮੰਗ ਵਿੱਚ ਵਾਧੇ ਦਾ ਸੰਕੇਤ ਦੇ ਰਹੀ ਹੈ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਕੁਦਰਤੀ ਵਰਤਾਰੇ ਹੁਣ ਮਨੁੱਖੀ-ਪ੍ਰੇਰਿਤ ਗਲੋਬਲ ਵਾਰਮਿੰਗ ਨੂੰ ਵਧਾ ਰਹੇ ਹਨ। ਹਿਮਾਲਿਆ, ਉੱਤਰ-ਪੂਰਬ ਅਤੇ ਪੱਛਮੀ ਘਾਟ ਜੋਖਮ ਵਿੱਚ ਹਨ ਮਾਰਚ-ਅਪ੍ਰੈਲ-ਮਈ 2026 ਦੇ ਮੌਸਮ ਪੂਰਵ ਅਨੁਮਾਨ ਦੇ ਅਨੁਸਾਰ, ਦੇਸ਼ ਭਰ ਵਿੱਚ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ ਉੱਪਰ ਰਹੇਗਾ। ਇਹ ਹਿਮਾਲਿਆ, ਉੱਤਰ-ਪੂਰਬੀ ਰਾਜਾਂ ਅਤੇ ਪੱਛਮੀ ਘਾਟਾਂ ਦੇ ਪਹਾੜੀ ਖੇਤਰਾਂ ਵਿੱਚ ਖਾਸ ਤੌਰ 'ਤੇ ਗੰਭੀਰ ਹੋਵੇਗਾ। ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼ ਦੇ ਪਹਾੜੀ ਖੇਤਰਾਂ ਅਤੇ ਉੱਤਰਾਖੰਡ ਦੇ ਉੱਚੇ ਹਿੱਸਿਆਂ ਵਿੱਚ ਦਿਨ ਅਤੇ ਰਾਤ ਦੋਵੇਂ ਉੱਚ ਤਾਪਮਾਨ ਦੇਖਿਆ ਜਾਵੇਗਾ। ਉੱਤਰ-ਪੂਰਬੀ ਭਾਰਤ ਅਤੇ ਪੱਛਮੀ ਘਾਟਾਂ ਦੇ ਨਾਲ-ਨਾਲ ਤੱਟਵਰਤੀ ਕਰਨਾਟਕ ਅਤੇ ਮਹਾਰਾਸ਼ਟਰ ਵਿੱਚ ਵੀ ਸਭ ਤੋਂ ਵੱਧ ਤਾਪਮਾਨ ਦੀ ਉਮੀਦ ਹੈ। ਆਈਐਮਡੀ ਨੇ ਪੂਰਬੀ, ਪੂਰਬ-ਕੇਂਦਰੀ, ਦੱਖਣ-ਪੂਰਬੀ ਪ੍ਰਾਇਦੀਪ ਅਤੇ ਉੱਤਰ-ਪੱਛਮ-ਕੇਂਦਰੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਗਰਮੀ ਦੇ ਦਿਨਾਂ ਦੀ ਵੱਡੀ ਗਿਣਤੀ ਦੀ ਚੇਤਾਵਨੀ ਦਿੱਤੀ ਹੈ। ਖੁਸ਼ਕ ਸਰਦੀਆਂ ਤੋਂ ਬਾਅਦ ਗਰਮੀ ਵਿੱਚ ਵਾਧਾ ਸੋਕੇ, ਜੰਗਲਾਂ ਦੀ ਅੱਗ ਅਤੇ ਪਾਣੀ ਦੀ ਕਮੀ ਨੂੰ ਵਧਾਏਗਾ। ਜਨਵਰੀ ਅਤੇ ਫਰਵਰੀ ਵਿੱਚ ਪਹਾੜੀ ਖੇਤਰਾਂ ਵਿੱਚ ਅਸਾਧਾਰਨ ਅੱਗਾਂ ਦੀ ਰਿਪੋਰਟ ਕੀਤੀ ਗਈ ਸੀ। ਖੇਤੀਬਾੜੀ, ਸਿਹਤ ਅਤੇ ਆਰਥਿਕਤਾ 'ਤੇ ਕੀ ਪ੍ਰਭਾਵ ਪਵੇਗਾ? ਭਾਰਤ ਵਿੱਚ 52 ਪ੍ਰਤੀਸ਼ਤ ਖੇਤੀਬਾੜੀ ਜ਼ਮੀਨ ਸਿੰਚਾਈ 'ਤੇ ਨਿਰਭਰ ਕਰਦੀ ਹੈ। ਗਰਮੀ ਫਸਲ ਬੀਜਣ ਦੇ ਚੱਕਰਾਂ ਨੂੰ ਵਿਗਾੜ ਦੇਵੇਗੀ, ਉਤਪਾਦਕਤਾ ਘਟਾਏਗੀ ਅਤੇ ਮਹਿੰਗਾਈ ਵਧਾਏਗੀ। ਖੁੱਲ੍ਹੇ ਵਿੱਚ ਕੰਮ ਕਰਨ ਵਾਲੇ ਲੋਕ, ਬੱਚੇ, ਬਜ਼ੁਰਗ ਅਤੇ ਬਿਮਾਰ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਆਈਐਮਡੀ ਨੇ ਕਿਹਾ ਹੈ ਕਿ ਵਧਦੀ ਗਰਮੀ ਨਾਲ ਹੀਟਸਟ੍ਰੋਕ, ਪਾਣੀ ਦੀ ਕਮੀ ਅਤੇ ਬਿਜਲੀ ਦੀ ਮੰਗ ਵਧੇਗੀ। ਪਹਾੜੀ ਇਲਾਕਿਆਂ ਦੇ ਲੋਕ ਗਰਮੀ ਦੇ ਆਦੀ ਨਹੀਂ ਹਨ, ਇਸ ਲਈ ਉਨ੍ਹਾਂ ਨੂੰ ਅਨੁਕੂਲ ਬਣਾਉਣਾ ਮੁਸ਼ਕਲ ਹੋਵੇਗਾ। WMO ਨੇ ਚੇਤਾਵਨੀ ਦਿੱਤੀ ਹੈ ਕਿ ਐਲ ਨੀਨੋ ਅਤੇ ਲਾ ਨੀਨਾ, ਜਲਵਾਯੂ ਸੰਕਟ ਦੇ ਨਾਲ ਮਿਲ ਕੇ, ਮੌਸਮ ਦੇ ਪੈਟਰਨਾਂ ਨੂੰ ਹੋਰ ਵਿਗਾੜ ਰਹੇ ਹਨ। IMD ਨੇ ਰਾਜ ਸਰਕਾਰਾਂ ਨੂੰ ਕੂਲਿੰਗ ਸੈਂਟਰ, ਪੀਣ ਵਾਲੇ ਪਾਣੀ ਅਤੇ ਸਿਹਤ ਨਿਗਰਾਨੀ ਤਿਆਰ ਕਰਨ ਲਈ ਕਿਹਾ ਹੈ। 2026 ਦਾ ਗਰਮੀਆਂ ਦਾ ਮੌਸਮ 2024-25 ਦੀਆਂ ਗਰਮੀਆਂ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੋ ਸਕਦਾ ਹੈ ਕਿਉਂਕਿ ਇੱਕ ਸੁਪਰ ਐਲ ਨੀਨੋ ਦੇ ਮਿਸ਼ਰਿਤ ਪ੍ਰਭਾਵਾਂ ਹਨ। ਹੁਣ ਤਿਆਰੀ ਕਰਨ ਦਾ ਸਮਾਂ ਹੈ—ਪਾਣੀ ਬਚਾਓ, ਰੁੱਖ ਲਗਾਓ, ਅਤੇ ਜਲਵਾਯੂ-ਲਚਕੀਲਾ ਖੇਤੀਬਾੜੀ ਅਪਣਾਓ। ਇਹ ਸਿਰਫ਼ ਇੱਕ ਮੌਸਮੀ ਘਟਨਾ ਨਹੀਂ ਹੈ, ਸਗੋਂ ਜਲਵਾਯੂਸੰਕਟਦੀਇੱਕਨਵੀਂਚੇਤਾਵਨੀਹੈ।




ਭਾਰਤ ਵਿੱਚ ਕੁਵੈਤ ਦੇ ਰਾਜਦੂਤ ਮੇਸ਼ਾਲ ਮੁਸਤਫਾ ਜੇ. ਅਲ-ਸ਼ੇਮਾਲੀ ਨੇ ਹੋਰਮੁਜ਼ ਜਲਡਮਰੂ ਵਿੱਚ ਚੱਲ ਰਹੇ ਤਣਾਅ 'ਤੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਸਮੁੰਦਰੀ ਰਸਤਾ ਸਿਰਫ਼ ਤੇਲ ਸਪਲਾਈ ਲਈ ਇੱਕ ਰਸਤਾ ਨਹੀਂ ਹੈ, ਸਗੋਂ ਪੂਰੀ ਵਿਸ਼ਵ ਅਰਥਵਿਵਸਥਾ ਲਈ ਇੱਕ ਜੀਵਨ ਰੇਖਾ ਹੈ। ਉਨ੍ਹਾਂ ਕਿਹਾ ਕਿ ਦੁਨੀਆ ਦੀ ਤੇਲ ਸਪਲਾਈ ਦਾ 20% ਇਸ ਰਸਤੇ ਰਾਹੀਂ ਲੰਘਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਸਮੁੰਦਰੀ ਰਸਤਾ ਬੰਦ ਹੋ ਜਾਂਦਾ ਹੈ, ਤਾਂ ਤੇਲ, ਦਵਾਈਆਂ, ਖਾਦ ਅਤੇ ਖਾਣ-ਪੀਣ ਦੀਆਂ ਚੀਜ਼ਾਂ ਹੋਰ ਮਹਿੰਗੀਆਂ ਹੋ ਜਾਣਗੀਆਂ, ਜਿਸ ਨਾਲ ਲੱਖਾਂ ਲੋਕਾਂ ਦੇ ਜੀਵਨ 'ਤੇ ਸਿੱਧਾ ਅਸਰ ਪਵੇਗਾ।

ਕੁਵੈਤ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਇਹ ਰਸਤਾ ਹਰ ਕੀਮਤ 'ਤੇ ਖੁੱਲ੍ਹਾ ਰਹਿਣਾ ਚਾਹੀਦਾ ਹੈ। ਕੁਵੈਤ ਦੀ ਪੂਰੀ ਅਰਥਵਿਵਸਥਾ ਤੇਲ 'ਤੇ ਨਿਰਭਰ ਕਰਦੀ ਹੈ। ਕੁਵੈਤ ਦਾ ਤੇਲ ਬਾਹਰ ਨਿਕਲਦਾ ਹੈ ਅਤੇ ਦੁਨੀਆ ਦਾ ਸਾਮਾਨ ਹੋਰਮੁਜ਼ ਜਲਡਮਰੂ ਰਾਹੀਂ ਅੰਦਰ ਆਉਂਦਾ ਹੈ। ਜੇਕਰ ਇਹ ਰਸਤਾ ਬੰਦ ਹੋ ਜਾਂਦਾ ਹੈ, ਤਾਂ ਕੁਵੈਤ ਦਾ ਤੇਲ ਬਾਹਰ ਨਹੀਂ ਜਾ ਸਕੇਗਾ, ਆਮਦਨ ਰੁਕ ਜਾਵੇਗੀ, ਅਤੇ ਪੂਰੀ ਆਰਥਿਕਤਾ ਵਿਘਨ ਪਵੇਗੀ।

ਰਾਜਦੂਤ ਅਲ-ਸ਼ੇਮਾਲੀ ਨੇ ਕਿਹਾ ਕਿ ਹੋਰਮੁਜ਼ ਜਲਡਮਰੂ 'ਤੇ ਰੁਕਾਵਟ ਦੇ ਦੁਨੀਆ 'ਤੇ ਕਈ ਪ੍ਰਭਾਵ ਪੈਣਗੇ। ਤੇਲ ਅਤੇ ਪੈਟਰੋ ਕੈਮੀਕਲ ਦੀਆਂ ਕੀਮਤਾਂ ਅਚਾਨਕ ਤੇਜ਼ੀ ਨਾਲ ਵਧ ਜਾਣਗੀਆਂ। ਜਹਾਜ਼ ਬੀਮਾ ਅਤੇ ਮਾਲ ਢੋਆ-ਢੁਆਈ ਹੋਰ ਮਹਿੰਗੀ ਹੋ ਜਾਵੇਗੀ, ਜਿਸ ਨਾਲ ਸਾਰੇ ਸਾਮਾਨ ਦੀ ਆਵਾਜਾਈ ਹੋਰ ਮਹਿੰਗੀ ਹੋ ਜਾਵੇਗੀ। ਦੁਨੀਆ ਭਰ ਵਿੱਚ ਸਪਲਾਈ ਚੇਨ ਵਿਘਨ ਪਵੇਗੀ, ਭਾਵ ਸਾਮਾਨ ਸਮੇਂ ਸਿਰ ਨਹੀਂ ਪਹੁੰਚੇਗਾ। ਖਾਦ ਦੀ ਸਪਲਾਈ ਵਿਘਨ ਪਵੇਗੀ ਕਿਉਂਕਿ ਪੈਟਰੋ ਕੈਮੀਕਲ ਖਾਦ ਉਤਪਾਦਨ ਵਿੱਚ ਵਰਤੇ ਜਾਂਦੇ ਹਨ। ਖਾਦ ਦੀ ਘਾਟ ਕਾਰਨ ਫ਼ਸਲ ਘੱਟ ਜਾਵੇਗੀ ਅਤੇ ਭੋਜਨ ਦੀਆਂ ਕੀਮਤਾਂ ਵੱਧ ਜਾਣਗੀਆਂ। ਭੋਜਨ ਲਈ ਦੂਜੇ ਦੇਸ਼ਾਂ 'ਤੇ ਨਿਰਭਰ ਦੇਸ਼ ਅਕਾਲ ਦੇ ਜੋਖਮ ਦਾ ਸਾਹਮਣਾ ਕਰ ਸਕਦੇ ਹਨ।

ਦਵਾਈਆਂ ਵੀ ਪ੍ਰਭਾਵਿਤ ਹੋਣਗੀਆਂ। ਦਵਾਈਆਂ ਦੇ ਉਤਪਾਦਨ ਵਿੱਚ ਪੈਟਰੋ ਕੈਮੀਕਲ ਵਰਤੇ ਜਾਂਦੇ ਹਨ, ਅਤੇ ਉਨ੍ਹਾਂ ਦੀ ਆਵਾਜਾਈ ਵੀ ਇਸ ਰਸਤੇ ਰਾਹੀਂ ਹੁੰਦੀ ਹੈ। ਦਵਾਈਆਂ ਵਿੱਚ ਦੇਰੀ ਹੋ ਸਕਦੀ ਹੈ ਅਤੇ ਜ਼ਰੂਰੀ ਡਾਕਟਰੀ ਸਪਲਾਈ ਦੀ ਘਾਟ ਹੋ ਸਕਦੀ ਹੈ। ਇਸਦਾ ਦੁਨੀਆ ਦੇ ਗਰੀਬ ਅਤੇ ਮੱਧ ਵਰਗ ਦੇ ਲੋਕਾਂ 'ਤੇ ਸਭ ਤੋਂ ਬੁਰਾ ਪ੍ਰਭਾਵ ਪਵੇਗਾ। ਜੇਕਰ ਤੇਲ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਰਸੋਈ ਗੈਸ ਹੋਰ ਮਹਿੰਗੀ ਹੋ ਜਾਵੇਗੀ, ਜਿਵੇਂ ਕਿ ਵਾਹਨਾਂ ਲਈ ਪੈਟਰੋਲ ਅਤੇ ਡੀਜ਼ਲ, ਜਿਸ ਨਾਲ ਰੋਜ਼ਾਨਾ ਜੀਵਨ ਮੁਸ਼ਕਲ ਹੋ ਜਾਵੇਗਾ। ਜਿਹੜੇ ਲੋਕ ਪਹਿਲਾਂ ਹੀ ਵਿੱਤੀ ਤੌਰ 'ਤੇ ਸੰਘਰਸ਼ ਕਰ ਰਹੇ ਹਨ, ਉਨ੍ਹਾਂ ਲਈ ਇਹ ਹੋਰ ਵੀ ਮੁਸ਼ਕਲ ਹੋ ਜਾਵੇਗਾ। ਕੁਵੈਤ ਨੇ ਇਸ ਮੁੱਦੇ 'ਤੇ ਆਪਣੀ ਸਥਿਤੀ ਬਹੁਤ ਸਪੱਸ਼ਟ ਕਰ ਦਿੱਤੀ ਹੈ।

ਹੋਰਮੁਜ਼ ਜਲਡਮਰੂ ਇੱਕ ਅੰਤਰਰਾਸ਼ਟਰੀ ਸਮੁੰਦਰੀ ਰਸਤਾ ਹੈ, ਅਤੇ UNCLOS, ਸਮੁੰਦਰ ਦੇ ਕਾਨੂੰਨ ਦੇ ਅਨੁਸਾਰ, ਹਰ ਦੇਸ਼ ਦੇ ਜਹਾਜ਼ਾਂ ਨੂੰ ਇਸ ਵਿੱਚੋਂ ਲੰਘਣ ਦਾ ਅਧਿਕਾਰ ਹੈ। ਕੁਵੈਤ ਨੇ ਕਿਹਾ ਕਿ ਉਹ ਕਿਸੇ ਵੀ ਦੇਸ਼ ਦੁਆਰਾ ਇਸ ਰਸਤੇ ਨੂੰ ਰੋਕਣ ਜਾਂ ਇਸਦੀ ਕਾਨੂੰਨੀ ਸਥਿਤੀ ਨੂੰ ਬਦਲਣ ਦੀ ਕਿਸੇ ਵੀ ਕੋਸ਼ਿਸ਼ ਦਾ ਵਿਰੋਧ ਕਰਦਾ ਹੈ। ਕੁਵੈਤ ਚਾਹੁੰਦਾ ਹੈ ਕਿ ਸਾਰੇ ਦੇਸ਼ ਸਮੁੰਦਰੀ ਕਾਨੂੰਨ ਦੀ ਪਾਲਣਾ ਕਰਨ। ਰਾਜਦੂਤ ਅਲ-ਸ਼ੇਮਾਲੀ ਨੇ ਈਰਾਨ ਦਾ ਨਾਮ ਲੈ ਕੇ ਜ਼ਿਕਰ ਕਰਦੇ ਹੋਏ ਕਿਹਾ ਕਿ ਈਰਾਨ ਸਮੇਤ ਸਾਰੇ ਦੇਸ਼ਾਂ ਨੂੰ ਅੰਤਰਰਾਸ਼ਟਰੀ ਕਾਨੂੰਨ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਜਹਾਜ਼ਾਂ ਨੂੰ ਲੰਘਣ ਦੇਣਾ ਚਾਹੀਦਾ ਹੈ। ਇਹ ਇੱਕ ਬਹੁਤ ਮਹੱਤਵਪੂਰਨ ਬਿਆਨ ਹੈ ਕਿਉਂਕਿ ਈਰਾਨ ਇਸ ਸਮੇਂ ਹੋਰਮੁਜ਼ ਜਲਡਮਰੂ 'ਤੇ ਨਾਕਾਬੰਦੀ ਲਗਾ ਰਿਹਾ ਹੈ, ਅਤੇ ਕੁਵੈਤ ਨੇ ਸਿੱਧੇ ਤੌਰ 'ਤੇ ਈਰਾਨ ਦਾ ਨਾਮ ਲਿਆ ਅਤੇ ਕਾਨੂੰਨ ਦੀ ਪਾਲਣਾ ਕਰਨ ਦਾ ਵਾਅਦਾ ਕੀਤਾ। ਕੁਵੈਤੀ ਰਾਜਦੂਤ ਨੇ ਕਿਹਾ ਕਿ ਹੋਰਮੁਜ਼ ਜਲਡਮਰੂ ਕਿਸੇ ਇੱਕ ਦੇਸ਼ ਦੁਆਰਾ ਜ਼ਬਰਦਸਤੀ ਨਾਲ ਨਹੀਂ, ਸਗੋਂ ਗੱਲਬਾਤ, ਆਪਸੀ ਸਹਿਯੋਗ ਅਤੇ ਅੰਤਰਰਾਸ਼ਟਰੀ ਨਿਯਮਾਂ ਦੀ ਪਾਲਣਾ ਦੁਆਰਾ ਸੁਰੱਖਿਅਤ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਇਹ ਪੂਰੀ ਦੁਨੀਆ ਦੀ ਸਾਂਝੀ ਜ਼ਿੰਮੇਵਾਰੀ ਹੈ, ਅਤੇ ਸਾਰੇ ਦੇਸ਼ਾਂ ਨੂੰ ਇਸ ਰਸਤੇ ਨੂੰ ਸੁਰੱਖਿਅਤ ਕਰਨ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ।




ਕੈਨੇਡਾ ਸਰਕਾਰ ਇਮੀਗ੍ਰੇਸ਼ਨ ਸਬੰਧੀ ਨਿਯਮਾਂ ਨੂੰ ਲਗਾਤਾਰ ਸਖ਼ਤ ਕਰਦੀ ਜਾ ਰਹੀ ਹੈ। ਤਾਜ਼ਾ ਜਾਣਕਾਰੀ ਮੁਤਾਬਕ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ (IRCC) ਨੇ ਹੁਨਰਮੰਦ ਕਾਮਿਆਂ ਲਈ ਪੱਕੀ ਰਿਹਾਇਸ਼ (PR) ਹਾਸਲ ਕਰਨ ਦੇ ਨਿਯਮਾਂ ਵਿੱਚ ਇੱਕ ਵੱਡੀ ਤਬਦੀਲੀ ਕਰਨ ਦੀ ਯੋਜਨਾ ਬਣਾਈ ਹੈ। ਸਰਕਾਰ ਸਾਲ 2026-2028 ਲਈ ਆਪਣੀ ਨਵੀਂ ਰੈਗੂਲੇਟਰੀ ਯੋਜਨਾ ਤਹਿਤ ਮੌਜੂਦਾ ਤਿੰਨ ਸ਼੍ਰੇਣੀਆਂ ਫੈਡਰਲ ਸਕਿਲਡ ਵਰਕਰ ਕਲਾਸ, ਕੈਨੇਡੀਅਨ ਐਕਸਪੀਰੀਅੰਸ ਕਲਾਸ ਅਤੇ ਫੈਡਰਲ ਸਕਿਲਡ ਟ੍ਰੇਡਜ਼ ਕਲਾਸ ਨੂੰ ਖਤਮ ਕਰਕੇ ਇੱਕ ਨਵੀਂ ਸਿੰਗਲ ਕਲਾਸ ਮਤਲਬ 'ਫੈਡਰਲ ਹਾਈ ਸਕਿਲਡ ਇਮੀਗ੍ਰੇਸ਼ਨ ਕਲਾਸ' ਸ਼ੁਰੂ ਕਰਨ ਜਾ ਰਹੀ ਹੈ।

ਨਵੇਂ ਪ੍ਰਸਤਾਵਾਂ ਅਨੁਸਾਰ ਹੁਣ ਪੱਕੀ ਰਿਹਾਇਸ਼ ਦੀ ਦੌੜ ਵਿੱਚ ਕੰਮ ਦੇ ਤਜਰਬੇ ਨਾਲੋਂ ਵੱਧ ਕਮਾਈ ਨੂੰ ਜ਼ਿਆਦਾ ਅਹਿਮੀਅਤ ਦਿੱਤੀ ਜਾਵੇਗੀ। ਵੱਧ ਤਨਖਾਹ ਲੈਣ ਵਾਲੇ ਕਾਮਿਆਂ ਨੂੰ ਜ਼ਿਆਦਾ ਅੰਕ ਮਿਲਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਵਿਦੇਸ਼ੀ ਅਤੇ ਕੈਨੇਡੀਅਨ ਕੰਮ ਦੇ ਤਜਰਬੇ ਨੂੰ ਬਰਾਬਰ ਦਾ ਦਰਜਾ ਦਿੱਤਾ ਜਾਵੇਗਾ, ਜਿਸ ਨਾਲ ਬਾਹਰਲੇ ਦੇਸ਼ਾਂ ਤੋਂ ਆਉਣ ਵਾਲੇ ਹੁਨਰਮੰਦ ਲੋਕਾਂ ਨੂੰ ਫਾਇਦਾ ਹੋ ਸਕਦਾ ਹੈ। ਇਸ ਨਵੀਂ ਪ੍ਰਣਾਲੀ ਵਿੱਚ ਵਿੱਤੀ ਵਿਸ਼ਲੇਸ਼ਕ, ਇੰਜੀਨੀਅਰ, ਅਧਿਆਪਕ, ਡਾਕਟਰ ਅਤੇ ਪ੍ਰੋਫੈਸਰ ਵਰਗੇ ਪੇਸ਼ਿਆਂ ਨਾਲ ਜੁੜੇ ਲੋਕਾਂ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ। ਮਾਹਿਰਾਂ ਅਨੁਸਾਰ ਸਰਕਾਰ ਹੁਣ ਉੱਚ-ਹੁਨਰਮੰਦ ਕਾਮਿਆਂ ਅਤੇ ਉਨ੍ਹਾਂ ਦੀ ਪੇਸ਼ੇਵਰ ਯੋਗਤਾ 'ਤੇ ਜ਼ਿਆਦਾ ਧਿਆਨ ਕੇਂਦਰਿਤ ਕਰ ਰਹੀ ਹੈ।

ਭਾਰਤੀਆਂ 'ਤੇ ਵੱਡਾ ਪ੍ਰਭਾਵ

ਇਸ ਬਦਲਾਅ ਦਾ ਸਭ ਤੋਂ ਵੱਡਾ ਪ੍ਰਭਾਵ ਭਾਰਤੀਆਂ 'ਤੇ ਪੈਣ ਦੀ ਉਮੀਦ ਹੈ, ਕਿਉਂਕਿ ਮੌਜੂਦਾ ਐਕਸਪ੍ਰੈਸ ਐਂਟਰੀ ਸਿਸਟਮ ਵਿੱਚ ਭਾਰਤੀ ਬਿਨੈਕਾਰਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। IRCC ਦਾ ਮੰਨਣਾ ਹੈ ਕਿ ਇਨ੍ਹਾਂ ਬਦਲਾਅ ਨਾਲ ਸਿਸਟਮ ਨੂੰ ਸਮਝਣਾ ਸੌਖਾ ਹੋ ਜਾਵੇਗਾ ਅਤੇ ਇਹ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ। ਇਸ ਯੋਜਨਾ ਨੂੰ ਅੰਤਿਮ ਰੂਪ ਦੇਣ ਲਈ ਇਸੇ ਸਾਲ ਸਬੰਧਤ ਧਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ।

## ਸੰਪਾਦਕੀ

# ਊਰਜਾ ਸੰਕਟ

ਈਰਾਨ 'ਤੇ ਅਮਰੀਕਾ-ਇਜ਼ਰਾਈਲ ਦੇ ਸਾਂਝੇ ਹਮਲੇ ਤੋਂ ਬਾਅਦ, ਲਗਭਗ ਇੱਕ ਪੰਦਰਵਾੜੇ ਪਹਿਲਾਂ ਬਹੁਤ ਮੁਸ਼ਕਲ ਨਾਲ ਦੋ ਹਫ਼ਤਿਆਂ ਦੀ ਜੰਗਬੰਦੀ 'ਤੇ ਸਹਿਮਤੀ ਬਣੀ ਸੀ। ਦੋਵਾਂ ਧਿਰਾਂ ਵਿਚਕਾਰ ਗੱਲਬਾਤ ਮੁੜ ਸ਼ੁਰੂ ਹੋਣ ਨਾਲ ਉਮੀਦਾਂ ਵਧੀਆਂ ਕਿ ਉਹ ਯੁੱਧ ਦੇ ਪੂਰੀ ਤਰ੍ਹਾਂ ਅੰਤ ਲਈ ਸਹਿਮਤ ਹੋਣਗੇ। ਹਾਲਾਂਕਿ, ਜਿਵੇਂ ਕਿ ਅੱਜ ਸਥਿਤੀ ਸਾਹਮਣੇ ਆ ਰਹੀ ਹੈ, ਜੰਗਬੰਦੀ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀ, ਈਰਾਨ ਅਤੇ ਅਮਰੀਕਾ ਦੇ ਰਵੱਈਏ ਨੇ ਹੱਲ ਦੀ ਸੰਭਾਵਨਾ ਲਈ ਇੱਕ ਮਹੱਤਵਪੂਰਨ ਚੁਣੌਤੀ ਪੇਸ਼ ਕੀਤੀ ਹੈ। ਦੂਜੇ ਪਾਸੇ, ਇਸ ਯੁੱਧ ਦੇ ਨਤੀਜੇ ਵਜੋਂ ਵਧਦੀਆਂ ਭਿਆਨਕ ਅਤੇ ਗੁੰਝਲਦਾਰ ਸਥਿਤੀਆਂ ਦੇ ਵਿਚਕਾਰ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਚੱਲ ਰਹੀ ਜੰਗ ਦੇ ਨਤੀਜੇ ਬਾਰੇ ਸਵਾਲ ਉੱਠੇ ਹਨ ਅਤੇ ਦੁਨੀਆ ਕਿੰਨੀ ਦੇਰ ਤੱਕ ਇਸਦੇ ਨਤੀਜੇ ਭੁਗਤਦੀ ਰਹੇਗੀ। ਹੋਰਮੁਜ਼ ਜਲਡਮਰੂ ਦੀ ਨਾਕਾਬੰਦੀ ਤੋਂ ਬਾਅਦ ਕਈ ਦੇਸ਼ਾਂ ਵਿੱਚ ਪੈਦਾ ਹੋਏ ਕੁਦਰਤੀ ਗੈਸ ਅਤੇ ਤੇਲ ਸੰਕਟ ਨੂੰ ਦੇਖਦੇ ਹੋਏ, ਇਹ ਮੰਗ ਕਰਨਾ ਸੁਭਾਵਿਕ ਹੈ ਕਿ ਅਮਰੀਕਾ ਅਤੇ ਈਰਾਨ ਦੇ ਰੁਖ਼ ਦੀ ਪਰਵਾਹ ਕੀਤੇ ਬਿਨਾਂ, ਉਨ੍ਹਾਂ ਨੂੰ ਵਿਸ਼ਵਵਿਆਪੀ ਹਿੱਤ ਵਿੱਚ ਆਪਣੇ ਰੁਖ਼ ਨੂੰ ਮੱਧਮ ਕਰਨਾ ਚਾਹੀਦਾ ਹੈ ਅਤੇ ਕਿਸੇ ਵੀ ਜ਼ਰੂਰੀ ਤਰੀਕੇ ਨਾਲ ਯੁੱਧ ਨੂੰ ਖਤਮ ਕਰਨਾ ਚਾਹੀਦਾ ਹੈ। ਇਹ ਕੋਈ ਭੇਤ ਨਹੀਂ ਹੈ ਕਿ ਜਦੋਂ ਤੋਂ ਈਰਾਨ ਨੇ ਇਜ਼ਰਾਈਲੀ ਅਤੇ ਅਮਰੀਕੀ ਹਮਲਿਆਂ ਦੇ ਜਵਾਬ ਵਿੱਚ ਹੋਰਮੁਜ਼ ਜਲਡਮਰੂ ਨੂੰ ਰੋਕਿਆ ਹੈ, ਭਾਰਤ ਸਮੇਤ ਦੁਨੀਆ ਦੇ ਕਈ ਦੇਸ਼ਾਂ ਨੂੰ ਕੁਦਰਤੀ ਗੈਸ ਅਤੇ ਤੇਲ ਦੀ ਸਪਲਾਈ 'ਚ ਬੁਰੀ ਤਰ੍ਹਾਂ ਵਿਘਨ ਪਿਆ ਹੈ, ਜਿਸ ਨਾਲ ਜਨਜੀਵਨ 'ਚ ਬੁਰੀ ਤਰ੍ਹਾਂ ਵਿਘਨ ਪਿਆ ਹੈ। ਇਹ ਦੇਸ਼, ਭਾਵੇਂ ਯੁੱਧ ਵਿੱਚ ਸ਼ਾਮਲ ਨਹੀਂ ਹਨ, ਇਸਦੇ ਪ੍ਰਭਾਵ ਭੁਗਤ ਰਹੇ ਹਨ। ਦਰਅਸਲ, ਹੋਰਮੁਜ਼ ਜਲਡਮਰੂ ਦੁਨੀਆ ਦੀ 20 ਪ੍ਰਤੀਸ਼ਤ ਤੋਂ ਵੱਧ ਊਰਜਾ ਵੱਖ-ਵੱਖ ਦੇਸ਼ਾਂ ਨੂੰ ਸਪਲਾਈ ਕਰਦਾ ਹੈ। ਹਾਲਾਂਕਿ, ਜਦੋਂ ਤੋਂ ਇਹ ਰਸਤਾ ਬੰਦ ਕੀਤਾ ਗਿਆ ਸੀ, ਲਗਭਗ ਸਾਰੇ ਪ੍ਰਭਾਵਿਤ ਦੇਸ਼ਾਂ ਦੇ ਲੋਕ ਨਾ ਸਿਰਫ ਰਸੋਈ ਗੈਸ ਅਤੇ ਪੈਟਰੋਲ ਅਤੇ ਡੀਜ਼ਲ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ, ਸਗੋਂ ਸਾਰੀਆਂ ਰੋਜ਼ਾਨਾ ਜ਼ਰੂਰਤਾਂ ਦੀਆਂ ਉੱਚੀਆਂ ਕੀਮਤਾਂ ਦਾ ਵੀ ਸਾਹਮਣਾ ਕਰ ਰਹੇ ਹਨ। ਇਸ ਦੌਰਾਨ, ਪਾਕਿਸਤਾਨੀ ਵਿਚੋਲਗੀ ਹੇਠ ਇਸਲਾਮਾਬਾਦ ਵਿੱਚ ਅਮਰੀਕਾ ਅਤੇ ਈਰਾਨ ਵਿਚਕਾਰ ਗੱਲਬਾਤ ਹੋਈ, ਪਰ ਉਹ ਅੰਤ ਵਿੱਚ ਅਸਫਲ ਰਹੀਆਂ। ਹੁਣ, ਵਿਸ਼ਵਵਿਆਪੀ ਉਮੀਦ ਹੈ ਕਿ ਅਮਰੀਕਾ ਅਤੇ ਈਰਾਨ ਵਿਚਕਾਰ ਜੰਗ ਨੂੰ ਖਤਮ ਕਰਨ ਲਈ ਗੱਲਬਾਤ ਦੁਬਾਰਾ ਸ਼ੁਰੂ ਹੋਵੇਗੀ। ਦੁੱਖ ਦੀ ਗੱਲ ਹੈ ਕਿ ਇੱਕ ਪਾਸੇ, ਅਮਰੀਕੀ ਜਲ ਸੈਨਾ ਦੁਆਰਾ ਈਰਾਨੀ ਜਹਾਜ਼ਾਂ ਨੂੰ ਜ਼ਬਤ ਕਰਨ ਤੋਂ ਲੈ ਕੇ ਜੰਗਬੰਦੀ ਖਤਮ ਹੋਣ ਤੋਂ ਬਾਅਦ ਟਰੰਪ ਦੁਆਰਾ ਈਰਾਨ 'ਤੇ ਬੰਬ ਸੁੱਟਣ ਦੀ ਧਮਕੀ ਤੱਕ ਦੀਆਂ ਘਟਨਾਵਾਂ ਹੋ ਰਹੀਆਂ ਹਨ। ਦੂਜੇ ਪਾਸੇ, ਈਰਾਨ ਨੇ ਗੱਲਬਾਤ ਦੇ ਅਗਲੇ ਦੌਰ ਵਿੱਚ ਹਿੱਸਾ ਲੈਣ ਦੀ ਆਪਣੀ ਇੱਛਾ ਪ੍ਰਗਟ ਕੀਤੀ ਹੈ, ਅਮਰੀਕੀ ਕਾਰਵਾਈਆਂ ਨੂੰ ਜੰਗਬੰਦੀ ਦੀ ਉਲੰਘਣਾ ਦੱਸਿਆ ਹੈ। ਸਵਾਲ ਇਹ ਹੈ ਕਿ ਜੰਗਬੰਦੀ 'ਤੇ ਸਹਿਮਤ ਹੋਣ ਦੇ ਬਾਵਜੂਦ, ਅਮਰੀਕਾ ਅਜਿਹੇ ਹਮਲਾਵਰ ਬਿਆਨ ਕਿਉਂ ਜਾਰੀ ਕਰ ਰਿਹਾ ਹੈ ਅਤੇ ਉਹ ਕੂਟਨੀਤਕ ਗੱਲਬਾਤ ਨੂੰ ਅੱਗੇ ਵਧਾਉਣ ਵਿੱਚ ਗੰਭੀਰਤਾ ਕਿਉਂ ਨਹੀਂ ਦਿਖਾ ਰਿਹਾ ਹੈ। ਇਸ ਹਮਲਾਵਰ ਰੁਖ਼ ਦਾ ਨਤੀਜਾ ਇਹ ਹੈ ਕਿ ਐਤਵਾਰ ਨੂੰ ਵੀ ਅੰਤਰਰਾਸ਼ਟਰੀ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਤੋਂ ਇਲਾਵਾ, ਈਰਾਨ ਅਤੇ ਖਾੜੀ ਦੇਸ਼ਾਂ ਵਿੱਚ ਤੇਲ ਸਥਾਪਨਾਵਾਂ 'ਤੇ ਹੋਏ ਹਮਲਿਆਂ ਦਾ ਪੈਮਾਨਾ ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕਰਨਾ ਲਾਜ਼ਮੀ ਹੈ। ਹੋਰ ਵੀ ਦੁਖਦਾਈ ਗੱਲ ਇਹ ਹੈ ਕਿ ਇਸ ਸਭ ਦਾ ਵਿਸ਼ਵ ਅਰਥਵਿਵਸਥਾ 'ਤੇ ਲੰਬੇ ਸਮੇਂ ਦਾ ਪ੍ਰਭਾਵ ਪਵੇਗਾ, ਜਿਸ ਤੋਂ ਉਭਰਨਾ ਸਾਰੇ ਦੇਸ਼ਾਂ ਲਈ ਚੁਣੌਤੀਪੂਰਨ ਸਾਬਤ ਹੋ ਸਕਦਾ ਹੈ। ਇੱਕ ਤਰ੍ਹਾਂ ਨਾਲ, ਸਪੱਸ਼ਟ ਅਤੇ ਦੂਰਗਾਮੀ ਮਾੜੇ ਪ੍ਰਭਾਵਾਂ ਦੇ ਬਾਵਜੂਦ ਜੰਗ ਦੀ ਸਥਿਤੀ ਬਣਾਈ ਰੱਖਣ ਨੂੰ ਕੀ ਜਾਇਜ਼ ਠਹਿਰਾਉਂਦਾ ਹੈ? ਅਮਰੀਕਾ ਅਤੇ ਈਰਾਨ ਦੋਵਾਂ ਨੇ ਸੰਕੇਤ ਦਿੱਤਾ ਹੈ ਕਿ ਉਹ ਪਾਕਿਸਤਾਨ ਵਿੱਚ ਸ਼ਾਂਤੀ ਵਾਰਤਾ ਦੇ ਦੂਜੇ ਦੌਰ ਵਿੱਚ ਸ਼ਾਮਲ ਹੋ ਸਕਦੇ ਹਨ। ਇਹ ਉਦੋਂ ਆਇਆ ਹੈ ਜਦੋਂ ਦੋਵੇਂ ਦੇਸ਼ ਜਨਤਕ ਤੌਰ 'ਤੇ ਇੱਕ ਦੂਜੇ ਨੂੰ ਸਖ਼ਤ ਚੇਤਾਵਨੀਆਂ ਜਾਰੀ ਕਰ ਰਹੇ ਹਨ ਅਤੇ ਅਧਿਕਾਰੀਆਂ ਨੇ ਕਿਹਾ ਕਿ ਦੋ ਹਫ਼ਤਿਆਂ ਦੀ ਜੰਗਬੰਦੀ ਖਤਮ ਹੋਣ ਵਾਲੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੀਐਨਬੀਸੀ ਨੂੰ ਦੱਸਿਆ ਕਿ ਉਹ ਜੰਗਬੰਦੀ ਨੂੰ ਵਧਾਉਣ ਦੇ ਹੱਕ ਵਿੱਚ ਨਹੀਂ ਹਨ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਚੱਲ ਰਹੀ ਗੱਲਬਾਤ 'ਤੇ ਦਬਾਅ ਵਧ ਸਕਦਾ ਹੈ।

-ਜਗਜੀਤ ਸਿੰਘ ਦਰਦੀ

## ਹੁਣ ਪੰਜਾਬ ਦਾ ਵਾਰਸ ਕੌਣ?

# ਨਵੇਂ ਪੰਜਾਬ ਦੇ ਭਵਿੱਖ ਬਾਰੇ ਹੁਣ ਸੋਚਣ ਤੇ ਜਾਗਣ ਦਾ ਵੇਲਾ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਇਸ ਪੰਜਾਬ ਦਾ ਭਵਿੱਖ ਵਿੱਚ ਕੌਣ ਵਾਰਿਸ ਹੋਵੇਗਾ। ਅੱਜ ਰਾਜਨੀਤੀ, ਕਰਜ਼ਾ, ਭ੍ਰਿਸ਼ਟਾਚਾਰ ਅਤੇ ਯੁਵਕਾਂ ਦੀਆਂ ਉਮੀਦਾਂ ਵਿਚਕਾਰ ਇੱਕ ਨਵਾਂ ਭਵਿੱਖ ਪੰਜਾਬ, ਇੱਕ ਵਾਰ ਗ੍ਰੀਨ ਰੈਵੋਲਿਊਸ਼ਨ ਦਾ ਗੌਰਵ, ਖੇਤੀ ਦਾ ਅੰਨ-ਭੰਡਾਰ ਅਤੇ ਯੁਵਕਾਂ ਦੀ ਊਰਜਾ ਵਾਲੀ ਧਰਤੀ, ਅੱਜ ਇੱਕ ਗੰਭੀਰ ਸੰਕਟ ਵਿੱਚ ਘਿਰਿਆ ਹੋਇਆ ਹੈ। ਰਾਜਨੀਤਿਕ ਪਾਰਟੀਆਂ ਵੋਟ ਬੈਂਕ, ਜਾਤੀ-ਧਰਮੀ ਧਰਪੋਕੀ ਅਤੇ ਛੋਟੀਆਂ ਯੋਜਨਾਵਾਂ ਵਿੱਚ ਉਲਝੀਆਂ ਹੋਈਆਂ ਹਨ।

ਅੱਜ ਸਰਕਾਰਾਂ ਚੱਲ ਰਹੀਆਂ ਹਨ, ਪਰ ਸਮਾਜਿਕ ਸੰਦਰਭ ਵਿੱਚ ਉਨ੍ਹਾਂ ਨੇ ਪੰਜਾਬ ਨੂੰ ਕਰਜ਼ੇ ਦੇ ਗਹਿਰੇ ਨਰਕ ਵਿੱਚ ਧੱਕ ਦਿੱਤਾ ਹੈ। 2026 ਵਿੱਚ ਪੰਜਾਬ ਦਾ ਕੁੱਲ ਬਕਾਇਆ ਕਰਜ਼ਾ ਲਗਭਗ 4.17 ਲੱਖ ਕਰੋੜ ਤੋਂ 4.47 ਲੱਖ ਕਰੋੜ ਰੁਪਏ ਤੱਕ ਪਹੁੰਚ ਚੁੱਕਾ ਹੈ। ਇਸ ਵਿੱਚੋਂ ਵੱਡਾ ਹਿੱਸਾ ਬਿਨਾਂ ਉਤਪਾਦਕ ਖਰਚਿਆਂ 'ਤੇ ਚੱਲ ਰਿਹਾ ਹੈ — ਫਰੀਬੀਜ਼, ਸਬਸਿਡੀਆਂ ਅਤੇ ਵਿਆਜ ਭੁਗਤਾਨ ਲਈ। ਫਿਸਕਲ ਡੈਫਿਸਿਟ 4.1 ਤੋਂ 4.2 ਫੀਸਦੀ ਤੱਕ ਹੈ ਅਤੇ ਰੈਵੇਨਿਊ ਡੈਫਿਸਿਟ ਵੀ ਉੱਚਾ ਹੈ। ਇਸ ਨਾਲ ਸੂਬਾ ਆਪਣੀਆਂ ਰੋਜ਼ਾਨਾ ਲੋੜਾਂ ਪੂਰੀਆਂ ਕਰਨ ਲਈ ਵੀ ਲੋਨ ਲੈ ਰਿਹਾ ਹੈ। ਭ੍ਰਿਸ਼ਟਾਚਾਰ ਆਪਣੀਆਂ ਚਰਮ ਸੀਮਾਵਾਂ 'ਤੇ ਹੈ। ਟਰਾਂਸਪਰੈਂਸੀ ਇੰਟਰਨੈਸ਼ਨਲ ਦੇ Corruption Perceptions Index 2025 ਵਿੱਚ ਭਾਰਤ 91ਵੀਂ ਰੈਂਕ 'ਤੇ ਹੈ, ਪਰ ਪੰਜਾਬ ਵਿੱਚ ਸਥਾਨਕ ਪੱਧਰ 'ਤੇ ਭ੍ਰਿਸ਼ਟਾਚਾਰ ਦੀਆਂ ਘਟਨਾਵਾਂ ਅਜੇ ਵੀ ਰੋਜ਼ਾਨਾ ਖਬਰਾਂ ਵਿੱਚ ਹਨ। ਠੇਕੇਦਾਰੀ, ਨੌਕਰੀਆਂ ਅਤੇ ਯੋਜਨਾਵਾਂ ਵਿੱਚ ਰਿਸ਼ਵਤਖੋਰੀ ਆਮ ਹੈ।

ਅੱਜ ਇਸ ਨਾਲ ਵਿਕਾਸ ਰੁਕਿਆ ਹੋਇਆ ਹੈ ਅਤੇ ਲੋਕਾਂ ਵਿੱਚ ਸਰਕਾਰੀ ਵਿਵਸਥਾ 'ਤੇ ਵਿਸ਼ਵਾਸ ਘੱਟ ਰਿਹਾ ਹੈ। ਯੁਵਕ ਬੇਰੁਜ਼ਗਾਰ ਹਨ। Periodic Labour Force Survey (ਅਕਤੂਬਰ-ਦਸੰਬਰ 2025) ਅਨੁਸਾਰ ਪੰਜਾਬ ਵਿੱਚ 15-29 ਸਾਲ ਦੇ ਯੁਵਕਾਂ ਵਿੱਚ ਬੇਰੁਜ਼ਗਾਰੀ ਦੀ ਦਰ ਲਗਭਗ 19.3 ਫੀਸਦੀ ਹੈ, ਜੋ ਰਾਸ਼ਟਰੀ ਔਸਤ (14.3 ਫੀਸਦੀ) ਤੋਂ ਬਹੁਤ ਵੱਧ ਹੈ। ਗ੍ਰਾਮੀਣ ਖੇਤਰਾਂ ਵਿੱਚ ਇਹ 22.5 ਫੀਸਦੀ ਤੱਕ ਪਹੁੰਚ ਚੁੱਕੀ ਹੈ। ਗ੍ਰੈਜੂਏਟ ਯੁਵਕਾਂ ਵਿੱਚ ਬੇਰੁਜ਼ਗਾਰੀ 11-20 ਫੀਸਦੀ ਤੱਕ ਹੈ। ਇਸ ਨਾਲ ਯੁਵਕ ਉਦਾਸੀ ਵਿੱਚ ਫਸ ਰਹੇ ਹਨ ਅਤੇ ਨਸ਼ਿਆਂ ਵੱਲ ਰੁਖ ਕਰ ਰਹੇ ਹਨ। ਪੰਜਾਬ ਆਰਥਿਕ ਸਰਵੇਖਣ 2025-26 ਵੀ ਇਸ ਨੂੰ "distress migration" ਦੱਸਦਾ ਹੈ — ਯੁਵਕ ਆਪਣੀ ਉਮੀਦਾਂ ਅਤੇ ਯੋਗਤਾ ਅਨੁਸਾਰ ਨੌਕਰੀ ਨਾ ਮਿਲਣ ਕਾਰਨ ਵਿਦੇਸ਼ ਭੱਜ ਰਹੇ ਹਨ। ਵਿਦੇਸ਼ਾਂ ਦੇ ਦਰਵਾਜ਼ੇ ਵੀ ਬੰਦ ਹੋ ਰਹੇ ਹਨ। ਕੈਨੇਡਾ ਦੇ Bill C-AB ਨੇ ਐਸਾਈਲਮ ਰਾਹ ਲਗਭਗ ਬੰਦ ਕਰ ਦਿੱਤਾ ਹੈ। ਲਗਭਗ 30,000 ਐਸਾਈਲਮ ਕਲੇਮਾਂ ਵਿੱਚੋਂ ਬਹੁਤੀਆਂ ਪੰਜਾਬੀਆਂ ਦੀਆਂ ਹਨ ਅਤੇ ਉਨ੍ਹਾਂ ਵਿੱਚੋਂ 9,000 ਤੋਂ ਵੱਧ ਵਿਦਿਆਰਥੀਆਂ ਤੇ ਡਿਪੋਰਟੇਸ਼ਨ ਦਾ ਖਤਰਾ ਹੈ। ਇਸ ਨਾਲ ਪਰਿਵਾਰਾਂ ਉੱਤੇ ਆਰਥਿਕ ਬੋਝ ਵਧ ਰਿਹਾ ਹੈ ਅਤੇ ਰਿਮਿਟੈਂਸ ਵਿੱਚ ਕਮੀ ਆਉਣ ਵਾਲੀ ਹੈ।

**ਅੱਜ ਅਸਲੀ ਪੰਜਾਬ ਦਾ ਵਾਰਸ ਕੌਣ ਹੈ?**

ਇਸ ਸਭ ਵਿਚਕਾਰ ਸਵਾਲ ਉੱਠਦਾ ਹੈ — ਅਸਲੀ ਪੰਜਾਬ ਦਾ ਵਾਰਸ ਕੌਣ ਹੈ? ਰਾਜਨੀਤਿਕ ਪਾਰਟੀਆਂ? ਉਹ ਤਾਂ ਵੋਟ ਬੈਂਕ ਅਤੇ ਛੋਟੀਆਂ ਰਾਜਨੀਤੀ ਵਿੱਚ ਉਲਝੀਆਂ ਹੋਈਆਂ ਹਨ। ਐਸਏਡੀ, ਭਾਜਪਾ, ਆਪ ਅਤੇ ਕਾਂਗਰਸ — ਸਭ ਆਪਣੀਆਂ ਵੋਟ ਬੈਂਕਾਂ (ਜਾਤੀ, ਧਰਮੀ ਅਤੇ ਖੇਤੀ ਲਾਬੀ) ਨੂੰ ਖੁਸ਼ ਰੱਖਣ ਵਿੱਚ ਲੱਗੀਆਂ ਹਨ। ਉਨ੍ਹਾਂ ਨੇ ਅਸਲੀ ਮੁੱਦਿਆਂ ਨਸ਼ਾ ਮੁਕਤੀ, ਖੇਤੀ ਵਿਭਿੰਨਤਾ, ਉਦਯੋਗਿਕ ਵਿਕਾਸ ਅਤੇ ਯੁਵਕ ਰੁਜ਼ਗਾਰ ਤੋਂ ਭਟਕ ਕੇ ਧਰਪੋਕੀ ਅਤੇ ਵਿਅਕਤੀਗਤ ਹਮਲਿਆਂ ਵਿੱਚ ਉਲਝਾਈ ਰੱਖਿਆ ਹੈ। ਇਸ ਲਈ ਨਵੀਂ ਪੀੜ੍ਹੀ ਨਵੇਂ ਨੌਜਵਾਨਾਂ ਨੂੰ ਪੰਜਾਬ ਦੀ ਵਾਗਡੋਰ ਸੰਭਾਲਣੀ ਪਵੇਗੀ।

ਅੱਜ ਉਹ ਉਹ ਯੁਵਕ ਜੋ ਆਪਣੀ ਧਰਤੀ ਨਾਲ ਪਿਆਰ ਕਰਦੇ ਹਨ, ਪਰ ਰਾਜਨੀਤੀ ਤੋਂ ਵਿਸ਼ਵਾਸ ਗੁਆ ਚੁੱਕੇ ਹਨ। ਉਨ੍ਹਾਂ ਨੂੰ ਰਾਜਨੀਤੀ, ਉਦਯੋਗ ਅਤੇ ਸਮਾਜ ਸੇਵਾ ਵਿੱਚ ਸਰਗਰਮ ਹੋਣਾ ਪਵੇਗਾ। ਉਨ੍ਹਾਂ ਨੂੰ ਧਰਮੀ ਅਤੇ ਜਾਤੀ ਵੰਡ ਤੋਂ ਉੱਪਰ ਉੱਠ ਕੇ ਇੱਕ ਆਮ ਪੰਜਾਬੀ ਨੈਰੇਟਿਵ ਰਚਣਾ ਪਵੇਗਾ, ਜਿੱਥੇ ਨਸ਼ਾ ਮੁਕਤੀ, ਰੁਜ਼ਗਾਰ ਅਤੇ ਆਧੁਨਿਕ ਵਿਕਾਸ ਮੁੱਖ ਹੋਵੇ। ਨਵਾਂ ਪੰਜਾਬ ਰਚਣ ਲਈ ਲੋੜੀਂਦੀਆਂ ਤਬਦੀਲੀਆਂ ਨਵੇਂ ਭਵਿੱਖ ਲਈ ਪੰਜਾਬ ਨੂੰ ਇੱਕ ਨਵਾਂ ਨੈਰੇਟਿਵ ਚਾਹੀਦਾ ਹੈ। ਇਸ ਵਿੱਚ ਖੇਤੀ ਨੂੰ ਆਧੁਨਿਕ ਬਣਾਉਣਾ ਪਵੇਗਾ— ਫਲ-ਸਬਜ਼ੀਆਂ, ਆਰਗੈਨਿਕ ਖੇਤੀ, ਐਗਰੋ-ਪ੍ਰੋਸੈਸਿੰਗ ਅਤੇ ਐਕਸਪੋਰਟ ਉੱਤੇ ਧਿਆਨ। ਛੋਟੀਆਂ ਜ਼ਮੀਨਾਂ ਵਾਲੇ ਕਿਸਾਨਾਂ ਲਈ ਆਈਟੀ ਅਤੇ ਫੂਡ ਪ੍ਰੋਸੈਸਿੰਗ ਵਰਗੀਆਂ ਵਿਭਿੰਨਤਾਵਾਂ ਲਿਆਉਣੀਆਂ ਚਾਹੀਦੀਆਂ ਹਨ। ਉਦਯੋਗਿਕ ਵਿਕਾਸ ਲਈ ਸਥਿਰਤਾ ਅਤੇ ਆਪਣੀਆਂ ਨੀਤੀਆਂ ਵਿੱਚ ਭਰੋਸਾ ਪੈਦਾ ਕਰਨਾ ਪਵੇਗਾ। ਯੁਵਕਾਂ ਲਈ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਚਲਾਉਣੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਨੂੰ ਆਪਣੀ ਧਰਤੀ 'ਤੇ ਹੀ ਰੁਜ਼ਗਾਰ ਮਿਲ ਸਕੇ।

ਅੱਜ ਨਸ਼ਾ ਮੁਕਤੀ ਲਈ ਡਾਟਾ-ਆਧਾਰਿਤ ਰਣਨੀਤੀ ਬਣਾਉਣੀ ਪਵੇਗੀ — ਰੋਕਥਾਮ, ਇਲਾਜ ਅਤੇ ਰਿਹੈਬਿਲੀਟੇਸ਼ਨ ਤਿੰਨੋਂ ਪੱਖਾਂ 'ਤੇ ਕੰਮ ਕਰਨਾ ਚਾਹੀਦਾ ਹੈ। ਸਿੱਖਿਆ ਨੂੰ ਸਕਿੱਲ-ਆਧਾਰਿਤ ਬਣਾਉਣਾ ਅਤੇ ਮਾਨਸਿਕ ਸਿਹਤ ਸੇਵਾਵਾਂ ਵਧਾਉਣੀਆਂ ਲਾਜ਼ਮੀ ਹਨ। ਰਾਜਨੀਤੀ ਵਿੱਚ ਯੁਵਕਾਂ ਨੂੰ ਭਾਗ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਭਵਿੱਖ ਲਈ ਲੜ ਸਕਣ। ਇਸ ਲਈ ਧਰਮੀ ਅਤੇ ਜਾਤੀ ਵੰਡ ਤੋਂ ਉੱਪਰ ਉੱਠ ਕੇ ਏਕਤਾ ਬਣਾਉਣੀ ਪਵੇਗੀ। ਅੱਜ ਨਵਾਂ ਪੰਜਾਬ ਇੱਕ ਸੰਭਾਵਨਾ ਅਤੇ ਚੁਣੌਤੀ ਪੰਜਾਬ ਵਿੱਚ ਇੱਕ ਨਵਾਂ ਪੰਜਾਬ ਬਣਾਉਣ ਦੀਆਂ ਸੰਭਾਵਨਾਵਾਂ ਅਜੇ ਵੀ ਹਨ। ਇਸ ਦੀ ਭੂਗੋਲਿਕ ਸਥਿਤੀ, ਖੇਤੀ ਵਿਰਾਸਤ, ਯੁਵਕਾਂ ਦੀ ਊਰਜਾ ਅਤੇ ਗੁਰੂਆਂ ਦੀ ਸਿੱਖਿਆ ਇੱਕ ਮਜ਼ਬੂਤ ਆਧਾਰ ਹਨ। ਜੇਕਰ ਨਵੀਂ ਪੀੜ੍ਹੀ ਆਪਣੀ ਜ਼ਿੰਮੇਵਾਰੀ ਨਿਭਾਉਂਦੀ ਹੈ ਅਤੇ ਰਾਜਨੀਤਿਕ ਤਾਕਤਾਂ ਵੀ ਉਸ ਨਾਲ ਚੱਲਦੀਆਂ ਹਨ ਤਾਂ ਪੰਜਾਬ ਇੱਕ ਵਾਰ ਫਿਰ ਉਸ ਗਰਵ ਵਾਲੀ ਧਰਤੀ ਬਣ ਸਕਦਾ ਹੈ, ਜਿੱਥੇ ਯੁਵਕ ਆਪਣਾ ਭਵਿੱਖ ਲੱਭ ਸਕਣ ਅਤੇ ਸੂਬਾ ਖੁਸ਼ਹਾਲ ਬਣ ਸਕੇ। ਪਰ ਇਸ ਲਈ ਖੋਖਲੀਆਂ ਗੱਲਾਂ ਛੱਡ ਕੇ ਅਸਲ ਕਾਰਜ ਕਰਨਾ ਪਵੇਗਾ।

ਅੱਜ ਰਾਜਨੀਤੀ ਤੋਂ ਉੱਪਰ ਉੱਠ ਕੇ ਸੋਚਣਾ ਪਵੇਗਾ। ਯੁਵਕਾਂ ਨੂੰ ਆਪਣੇ ਭਵਿੱਖ ਲਈ ਲੜਨਾ ਪਵੇਗਾ। ਸਮਾਜ ਨੂੰ ਆਪਣੀਆਂ ਧਰਮੀ ਅਤੇ ਜਾਤੀ ਵੰਡਾਂ ਤੋਂ ਉੱਪਰ ਉੱਠ ਕੇ ਏਕਤਾ ਵੱਲ ਵਧਣਾ ਪਵੇਗਾ। ਅਸਲੀ ਵਾਰਸ ਉਹ ਯੁਵਕ ਹੈ ਜੋ ਆਪਣੀ ਧਰਤੀ ਨਾਲ ਪਿਆਰ ਕਰਦਾ ਹੈ ਅਤੇ ਉਸ ਨੂੰ ਬਦਲਣ ਲਈ ਤਿਆਰ ਹੈ। ਉਸ ਨੂੰ ਵਾਗਡੋਰ ਸੰਭਾਲਣੀ ਪਵੇਗੀ — ਰਾਜਨੀਤੀ ਵਿੱਚ ਨਵੀਂ ਸੋਚ ਲੈ ਕੇ ਆਉਣੀ ਪਵੇਗੀ, ਉਦਯੋਗ ਵਿੱਚ ਉੱਦਮੀ ਬਣਨਾ ਪਵੇਗਾ ਅਤੇ ਸਮਾਜ ਵਿੱਚ ਏਕਤਾ ਰਚਣੀ ਪਵੇਗੀ। ਪੰਜਾਬ ਇੱਕ ਵਾਰ ਫਿਰ ਉਸ ਗਰਵ ਵਾਲੀ ਧਰਤੀ ਬਣ ਸਕਦਾ ਹੈ, ਜਿਸ ਦੀ ਕਲਪਨਾ ਅਸੀਂ ਨਵੀਂ ਸਦੀ ਵਿੱਚ ਕੀਤੀ ਸੀ। ਬਸ ਇਸ ਲਈ ਖੋਖਲੀਆਂ ਗੱਲਾਂ ਛੱਡ ਕੇ ਅਸਲ ਕਾਰਜ ਕਰਨਾ ਪਵੇਗਾ। ਅੱਜ ਉਹ ਪੰਜਾਬ ਜੋ ਰੁਲ ਗਿਆ ਹੈ, ਉਸ ਨੂੰ ਬਚਾਉਣ ਅਤੇ ਉਸ ਨੂੰ ਨਵੀਂ ਊਰਜਾ ਦੇਣ ਦਾ ਸਮਾਂ ਆ ਗਿਆ ਹੈ। ਨਵੀਂ ਪੀੜ੍ਹੀ ਉੱਠੇ, ਨਵਾਂ ਨੈਰੇਟਿਵ ਰਚੇ ਅਤੇ ਪੰਜਾਬ ਨੂੰ ਉਸ ਦੀ ਅਸਲੀ ਤਾਕਤ ਵੱਲ ਵਾਪਸ ਲਿਆਵੇ।

ਇਹ ਤਬਦੀਲੀ ਆਪਣੇ ਆਪ ਨਹੀਂ ਆਵੇਗੀ—ਇਸ ਲਈ ਹਰ ਇੱਕ ਨਾਗਰਿਕ, ਰਾਜਨੀਤਕ ਅਤੇ ਸਮਾਜਿਕ ਤਾਕਤ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ।

# ਰੇਲ ਪਟੜੀਆਂ ਦਾ ਆਧੁਨਿਕੀਕਰਨ



ਅਸ਼ਵਿਨੀ ਵੈਸ਼ਣਵ

ਭਾਰਤ ਵਿੱਚ ਹਰ ਰੋਜ਼ 25,000 ਤੋਂ ਵੱਧ ਟਰੇਨਾਂ ਚੱਲਦੀਆਂ ਹਨ। ਇਹ ਰੋਜ਼ਾਨਾ 2 ਕਰੋੜ ਤੋਂ ਵੱਧ ਯਾਤਰੀਆਂ ਨੂੰ ਲੈ ਜਾਂਦੀਆਂ ਹਨ ਅਤੇ ਕੋਲਾ, ਆਇਰਨ ਔਰ,ਅਨਾਜ, ਸਟੀਲ, ਸੀਮੈਂਟ ਅਤੇ ਹੋਰ ਵਸਤੂਆਂ ਦੀ ਵੱਡੀ ਮਾਤਰਾ ਨੂੰ 1,37,000 ਕਿੱਲੋਮੀਟਰ ਤੋਂ ਵੱਧ ਲੰਬੇ ਰੇਲ ਨੈੱਟਵਰਕ ਉੱਤੇ ਇੱਕ ਥਾਂ ਤੋਂ ਦੂਜੀ ਥਾਂ ਤੱਕ ਪਹੁੰਚਾਉਂਦੀਆਂ ਹਨ। ਪੂਰੀ ਵਿਵਸਥਾ ਜਿਸ ਅਧਾਰ ਉੱਤੇ ਕੰਮ ਕਰਦੀ ਹੈ, ਉਹ ਰੇਲ ਪਟੜੀ ਹੈ। ਜਦੋਂ ਪਟੜੀ ਚੰਗੀ ਹਾਲਤ ਵਿੱਚ ਹੁੰਦੀ ਹੈ, ਉਦੋਂ ਟਰੇਨਾਂ ਸੁਰੱਖਿਅਤ ਢੰਗ ਨਾਲ ਵਧੇਰੇ ਗਤੀ ਨਾਲ ਚੱਲਦੀਆਂ ਹਨ। ਪਰ ਜਦੋਂ ਪਟੜੀ ਖਰਾਬ ਹੁੰਦੀ ਹੈ, ਤਾਂ ਇਸਦੇ ਨਤੀਜੇ ਗਤੀ ਉੱਤੇ ਰੋਕ, ਦੇਰੀ ਅਤੇ ਸੁਰੱਖਿਆ ਸਬੰਧੀ ਜੋਖਮਾਂ ਵਜੋਂ ਸਾਹਮਣੇ ਆਉਂਦੇ ਹਨ। ਰੇਲ ਦੀ ਪਟੜੀ ਵਿੱਚ ਦਰਾਰ, ਕੋਈ ਢਿੱਲਾ ਪੁਰਜਾ ਜਾਂ ਗਿੱਟੀ ਦੀ ਪਰਤ ਵਿੱਚ ਰੁਕਾਵਟ, ਇਨ੍ਹਾਂ ਵਿੱਚੋਂ ਕੋਈ ਵੀ ਚੀਜ਼ ਟਰੇਨ ਦੀ ਚਾਲ ਨੂੰ ਪ੍ਰਭਾਵਿਤ ਕਰ ਸਕਦੀ ਹੈ। ਰੇਲ ਪਟੜੀਆਂ ਦੇ ਮਹੱਤਵ ਨੂੰ ਧਿਆਨ ਵਿੱਚ ਰੱਖਦੇ ਹੋਏ, ਭਾਰਤੀ ਰੇਲਵੇ ਨੇ ਇੱਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਵਿਆਪਕ ਆਧੁਨਿਕੀਕਰਨ ਪ੍ਰੋਗਰਾਮ ਸ਼ੁਰੂ ਕੀਤਾ। ਇਸ ਕੰਮ ਵਿੱਚ ਆਧੁਨਿਕ ਮਸ਼ੀਨਾਂ ਤੋਂ ਪਟੜੀਆਂ ਦਾ ਨਵੀਨੀਕਰਣ, ਉੱਨਤ ਤਰੀਕਿਆਂ ਨਾਲ ਜਾਂਚ ਅਤੇ ਨਿਰੀਖਣ, ਮਸ਼ੀਨੀਕ੍ਰਿਤ ਰੱਖ-ਰਖਾਅ, ਸੁਰੱਖਿਆ ਬਾੜਬੰਦੀ ਆਦਿ ਸ਼ਾਮਲ ਸਨ। ਇਨ੍ਹਾਂ ਸਾਰੇ ਯਤਨਾਂ ਨੇ ਮਿਲ ਕੇ ਰੇਲ ਨੈੱਟਵਰਕ ਦੀ ਹਾਲਤ ਨੂੰ ਸਪੱਸ਼ਟ ਰੂਪ ਵਿੱਚ ਬਦਲ ਦਿੱਤਾ ਹੈ।

2014 ਤੋਂ ਹੁਣ ਤੱਕ ਲਗਭਗ 55,000 ਕਿੱਲੋਮੀਟਰ ਪਟੜੀਆਂ ਦਾ ਨਵੀਨੀਕਰਣ ਕੀਤਾ ਗਿਆ ਹੈ, ਜਿਸ ਨਾਲ ਸੁਰੱਖਿਆ ਅਤੇ ਯਾਤਰਾ ਦੀ ਗੁਣਵੱਤਾ ਵਿੱਚ ਸੁਧਾਰ ਹੋਇਆ ਹੈ ਅਤੇ ਵਾਰ-ਵਾਰ ਮੁਰੰਮਤ ਦੀ ਜ਼ਰੂਰਤ ਘੱਟ ਹੋਈ ਹੈ। ਲਗਭਗ 44,000 ਟਰੈਕ ਕਿੱਲੋਮੀਟਰ ਵਿੱਚ 260 ਮੀਟਰ ਲੰਬੇ ਰੇਲ ਪੈਨਲ ਵਿਛਾਏ ਗਏ ਹਨ। ਲੰਬੇ ਪੈਨਲਾਂ ਦਾ ਮਤਲਬ ਹੈ ਘੱਟ ਜੋੜ, ਜਿਸ ਨਾਲ ਟਰੇਨਾਂ ਦੀ ਆਵਾਜਾਈ ਵਧੇਰੇ ਸੁਗਮ ਅਤੇ ਸੁਰੱਖਿਅਤ ਹੁੰਦੀ ਹੈ। ਹੁਣ 80,000ਟਰੈਕ ਕਿੱਲੋਮੀਟਰ ਤੋਂ ਵੱਧ ਹਿੱਸੇ ਵਿੱਚ ਮਜ਼ਬੂਤ 60 ਕਿਲੋਗ੍ਰਾਮ ਵਾਲੀਆਂ ਰੇਲ ਪਟੜੀਆਂ ਦੀ ਵਰਤੋਂ ਹੋ ਰਹੀ ਹੈ, ਜੋ ਵਧੇਰੇ ਭਾਰ ਅਤੇ ਤੇਜ਼ ਗਤੀ ਦਾ ਸਮਰਥਨ ਕਰਦੀਆਂ ਹਨ।

ਮਜ਼ਬੂਤ ਰੇਲ ਪਟੜੀ ਵਿਛਾਉਣਾ ਜ਼ਰੂਰੀ ਹੈ, ਪਰ ਸਮੇਂ ਰਹਿੰਦੇ ਖਰਾਬੀ ਦੀ ਪਛਾਣ ਕਰਨਾ ਵੀ ਉਨ੍ਹਾਂ ਹੀ ਜ਼ਰੂਰੀ ਹੈ। ਲੁਕੀਆਂ ਹੋਈਆਂ ਦਰਾਰਾਂ ਨੂੰ ਲੱਭਣ ਲਈ ਅਲਟਰਾਸੋਨਿਕ ਜਾਂਚ ਕੀਤੀ ਗਈ ਹੈ। ਇਸ ਦੇ ਤਹਿਤ ਲਗਭਗ 36.2 ਲੱਖ ਟਰੈਕ ਕਿੱਲੋਮੀਟਰ ਅਤੇ 2.25 ਕਰੋੜ ਵੈਲਡ ਦੀ ਜਾਂਚ ਹੋਈ। ਇਸ ਨਾਲ ਰੇਲ ਅਤੇ ਵੈਲਡ ਟੁੱਟਣ ਦੀਆਂ ਘਟਨਾਵਾਂ ਲਗਭਗ 90 ਫੀਸਦੀ ਤੱਕ ਘੱਟ ਹੋ ਗਈਆਂ ਹਨ। ਯਾਨੀ ਹੁਣ ਖਰਾਬੀ ਹੋਣ ਤੋਂ ਬਾਅਦ ਉਸਨੂੰ ਠੀਕ ਕਰਨ ਦੀ ਬਜਾਏ ਪਹਿਲਾਂ ਹੀ ਉਸ ਦੀ ਪਛਾਣ ਕਰ ਕੇ ਰੋਕ ਲਿਆ ਜਾਂਦਾ ਹੈ।

ਹੁਣ ਰੇਲਵੇ ਵਿੱਚ ਦੂਜੀਆਂ ਆਧੁਨਿਕ ਜਾਂਚ ਤਕਨੀਕਾਂ ਵੀ ਵਰਤੀਆਂ ਜਾ ਰਹੀਆਂ ਹਨ। ਨਵੀਂ ਵੈਲਡ ਦੀ ਜਾਂਚ ਲਈ ਚੁੰਬਕੀ ਜਾਂਚ, ਫਲੈਸ਼-ਬੱਟ ਵੈਲਡ ਦੀ ਜਾਂਚ ਲਈ ਨਵੀਆਂ ਮਸ਼ੀਨਾਂ ਅਤੇ ਜੀਪੀਐੱਸ ਨਾਲ ਜੁੜੀ ਅਜਿਹੀ ਵਿਵਸਥਾ ਲਗਾਈ ਗਈ ਹੈ, ਜੋ ਟਰੇਨ ਦੀ ਯਾਤਰਾ ਦੀ ਗੁਣਵੱਤਾ ਮਾਪਦੀ ਹੈ ਅਤੇ ਪਟੜੀ ਦੇ ਖਰਾਬ ਹਿੱਸੇ ਦੀ ਸਹੀ ਥਾਂ ਦੱਸ ਦਿੰਦੀ ਹੈ।

ਭਾਰਤੀ ਰੇਲਵੇ ਦੀਆਂ ਟਰੈਕ ਮਸ਼ੀਨਾਂ ਦੀ ਗਿਣਤੀ 2014 ਵਿੱਚ 748 ਸੀ, ਜੋ 2026 ਵਿੱਚ ਵਧ ਕੇ 1,785 ਹੋ ਗਈ ਹੈ। ਇਹ ਮਸ਼ੀਨਾਂ ਪਟੜੀ ਨੂੰ ਠੀਕ ਕਰਨ, ਗਿੱਟੀ ਸਾਫ਼ ਕਰਨ ਅਤੇ ਰੇਲ ਨੂੰ ਘਿਸ ਕੇ ਬਰਾਬਰ ਕਰਨ ਦਾ ਕੰਮ ਹੱਥ ਨਾਲ ਹੋਣ ਵਾਲੇ ਕੰਮ ਦੀ ਤੁਲਨਾ ਵਿੱਚ ਵਧੇਰੇ ਤੇਜ਼, ਬਿਹਤਰ ਅਤੇ ਇੱਕਸਾਰ ਤਰੀਕੇ ਨਾਲ ਕਰਦੀਆਂ ਹਨ।

ਪਟੜੀ ਦੇ ਹੇਠਾਂ ਵਿਛਾਈ ਗਈ ਗਿੱਟੀ ਦੀ ਪਰਤ ਨੂੰ ਸਾਫ਼ ਕਰਨ ਵਿੱਚ ਮਸ਼ੀਨਾਂ ਨੇ ਵੱਡਾ ਫ਼ਰਕ ਪੈਦਾ ਕੀਤਾ ਹੈ। ਇਹੀ ਗਿੱਟੀ ਪਾਣੀ ਕੱਢਣ, ਕੰਪਨ ਘਟਾਉਣ ਅਤੇ ਪਟੜੀ ਨੂੰ ਮਜ਼ਬੂਤ ਬਣਾਈ ਰੱਖਣ ਦਾ ਕੰਮ ਕਰਦੀ ਹੈ। ਪਰ ਸਮੇਂ ਦੇ ਨਾਲ ਟਰੇਨਾਂ ਦੇ ਲਗਾਤਾਰ ਭਾਰ ਅਤੇ ਕੰਪਨ ਨਾਲ ਇਹ ਪੱਥਰ ਟੁੱਟ ਕੇ ਪਾਊਡਰ ਵਰਗੇ ਹੋ ਜਾਂਦੇ ਹਨ। ਇਸ ਨਾਲ ਗਿੱਟੀ ਦੀ ਪਰਤ ਜਾਮ ਹੋ ਜਾਂਦੀ ਹੈ ਅਤੇ ਉਹ ਠੀਕ ਤਰ੍ਹਾਂ ਕੰਮ ਨਹੀਂ ਕਰ ਪਾਉਂਦੀ। ਇਸ ਲਈ ਗਿੱਟੀ ਦੀ ਸਫਾਈ ਕੀਤੀ ਜਾਂਦੀ ਹੈ, ਤਾਂ ਜੋ ਪਟੜੀ ਮੁੜ ਤੋਂ ਸਹੀ ਹਾਲਤ ਵਿੱਚ ਆ ਜਾਵੇ। ਇਹ ਕੰਮ ਇੱਕ ਲੱਖ ਕਿੱਲੋਮੀਟਰ ਤੋਂ ਵੱਧ ਰੇਲ ਪਟੜੀਆਂ ਉੱਤੇ ਕੀਤਾ ਜਾ ਚੁੱਕਿਆ ਹੈ ਅਤੇ ਜ਼ਿਆਦਾਤਰ ਕੰਮ ਮਸ਼ੀਨਾਂ ਨਾਲ ਹੋਇਆ ਹੈ। ਇਸੇ ਤਰ੍ਹਾਂ ਪਟੜੀ ਦੀ ਉੱਪਰੀ ਸਤ੍ਹਾ ਦੀ ਖਰਾਬੀ ਦੂਰ ਕਰਨ ਲਈ ਵੀ ਇੱਕ ਲੱਖ ਕਿੱਲੋਮੀਟਰ ਤੋਂ ਵੱਧ ਰੇਲ ਦੀ ਗ੍ਰਾਈਂਡਿੰਗ ਕੀਤੀ ਗਈ ਹੈ। ਇਸ ਨਾਲ ਟਰੇਨ ਦਾ ਸਫ਼ਰ ਵਧੇਰੇ ਆਰਾਮਦਾਇਕ ਅਤੇ ਸੁਰੱਖਿਅਤ ਹੋਇਆ ਹੈ।

ਹਰ ਸਾਲ ਟਰੇਨਾਂ ਦੀ ਗਿਣਤੀ ਵਧ ਰਹੀ ਹੈ, ਇਸ ਲਈ ਟਰੇਨਾਂ ਵਿਚਕਾਰ ਰੱਖ-ਰਖਾਅ ਲਈ ਮਿਲਣ ਵਾਲਾ ਸਮਾਂ ਘੱਟ ਹੁੰਦਾ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ ਮਸ਼ੀਨਾਂ ਦੀ ਮਦਦ ਨਾਲ ਘੱਟ ਸਮੇਂ ਵਿੱਚ ਵੱਧ ਕੰਮ ਹੋ ਜਾਂਦਾ ਹੈ ਅਤੇ ਟਰੇਨ ਸੇਵਾਵਾਂ ਵੀ ਪ੍ਰਭਾਵਿਤ ਨਹੀਂ ਹੁੰਦੀਆਂ। ਪਰ ਸੁਰੱਖਿਆ ਸਿਰਫ਼ ਪਟੜੀ ਉੱਤੇ ਨਹੀਂ, ਸਗੋਂ ਉੱਥੇ ਵੀ ਜ਼ਰੂਰੀ ਹੈ ਜਿੱਥੇ ਟਰੇਨਾਂ ਲਾਈਨ ਬਦਲਦੀਆਂ ਹਨ। ਇਸ ਲਈ ਭਾਰਤੀ ਰੇਲਵੇ ਨੇ ਪਟੜੀ ਬਦਲਣ ਦੇ ਨਾਲ ਕਈ ਹੋਰ ਸੁਧਾਰ ਵੀ ਕੀਤੇ ਹਨ। ਲਗਭਗ 17,500 ਕਿੱਲੋਮੀਟਰ ਤੱਕ ਸੁਰੱਖਿਆ ਲਈ ਵਾੜ ਲਗਾਈ ਗਈ ਹੈ, ਖਾਸ ਕਰ ਉਨ੍ਹਾਂ ਥਾਵਾਂ ਉੱਤੇ ਜਿੱਥੇ ਟਰੇਨਾਂ 110 ਕਿੱਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਰਫ਼ਤਾਰ ਨਾਲ ਚੱਲਦੀਆਂ ਹਨ। ਇਸ ਨਾਲ ਲੋਕਾਂ ਅਤੇ ਜਾਨਵਰਾਂ ਦੇ ਪਟੜੀ ਉੱਤੇ ਆਉਣ ਦੀਆਂ ਘਟਨਾਵਾਂ ਘੱਟ ਹੋਈਆਂ ਹਨ। ਜਿੱਥੇ ਟਰੇਨਾਂ ਇੱਕ ਲਾਈਨ ਤੋਂ ਦੂਜੀ ਲਾਈਨ ਉੱਤੇ ਜਾਂਦੀਆਂ ਹਨ, ਉੱਥੇ 36,000 ਨਵੇਂ ਅਤੇ ਮਜ਼ਬੂਤ ਸਵਿੱਚ ਲਗਾਏ ਗਏ ਹਨ ਅਤੇ 7,500 ਖਾਸ ਤਰ੍ਹਾਂ ਦੀਆਂ ਕ੍ਰਾਸਿੰਗ ਲਗਾਈਆਂ ਗਈਆਂ ਹਨ। ਇਹ ਵਧੇਰੇ ਸਮੇਂ ਤੱਕ ਚੱਲਦੀਆਂ ਹਨ ਅਤੇ ਟਰੇਨ ਨੂੰ ਬਿਨਾਂ ਝਟਕੇ ਗੁਜ਼ਰਨ ਦਿੰਦੀਆਂ ਹਨ। 2019 ਤੋਂ ਚੌੜੇ ਅਤੇ ਭਾਰੀ ਸਲੀਪਰ ਲਗਾਏ ਜਾ ਰਹੇ ਹਨ, ਜਿਸ ਨਾਲ ਪਟੜੀ ਵਧੇਰੇ ਮਜ਼ਬੂਤ ਰਹਿੰਦੀ ਹੈ, ਖਾਸ ਕਰ ਗਰਮੀਆਂ ਵਿੱਚ। ਪੁਲਾਂ ਉੱਤੇ ਵੀ ਮਜ਼ਬੂਤ ਸਲੀਪਰ ਲਗਾਏ ਗਏ ਹਨ ਅਤੇ ਯਾਰਡ ਦੇ ਅੰਦਰ ਲੰਬੀ ਵੈਲਡ ਵਾਲੀਆਂ ਪਟੜੀਆਂ ਵਿਛਾਈਆਂ ਗਈਆਂ ਹਨ। ਇਸ ਨਾਲ ਪੂਰਾ ਰੇਲਵੇ ਨੈੱਟਵਰਕ ਹੋਰ ਮਜ਼ਬੂਤ ਹੋਇਆ ਹੈ। ਰੇਲ ਪਟੜੀਆਂ ਦੇ ਆਧੁਨਿਕੀਕਰਨ ਦਾ ਸਭ ਤੋਂ ਸਪੱਸ਼ਟ ਅਸਰ ਟਰੇਨਾਂ ਦੀ ਰਫ਼ਤਾਰ ਵਧਣ ਦੀ ਸਮਰੱਥਾ ਵਜੋਂ ਦਿਖਾਈ ਦਿੰਦਾ ਹੈ।

130 ਕਿੱਲੋਮੀਟਰ ਪ੍ਰਤੀ ਘੰਟੇ ਜਾਂ ਉਸ ਤੋਂ ਵੱਧ ਰਫ਼ਤਾਰ ਲਈ ਤਿਆਰ ਰੇਲ ਪਟੜੀ ਦਾ ਹਿੱਸਾ ਪਹਿਲਾਂ ਸਿਰਫ਼ 6 ਫੀਸਦੀ ਸੀ, ਜੋ ਹੁਣ ਵਧ ਕੇ ਲਗਭਗ 23 ਫੀਸਦੀ ਹੋ ਗਿਆ ਹੈ। ਇਸੇ ਤਰ੍ਹਾਂ 110 ਕਿੱਲੋਮੀਟਰ ਪ੍ਰਤੀ ਘੰਟਾ ਜਾਂ ਉਸ ਤੋਂ ਵੱਧ ਰਫ਼ਤਾਰ ਵਾਲੀ ਪਟੜੀ ਪਹਿਲਾਂ ਲਗਭਗ 40 ਫੀਸਦੀ ਸੀ, ਜੋ ਹੁਣ 80 ਫੀਸਦੀ ਤੱਕ ਪਹੁੰਚ ਗਈ ਹੈ। ਇਸ ਨਾਲ ਸਫ਼ਰ ਦਾ ਸਮਾਂ ਘੱਟ ਹੋਇਆ ਹੈ, ਟਰੇਨਾਂ ਵਧੇਰੇ ਸਮੇਂ ਉੱਤੇ ਚੱਲ ਰਹੀਆਂ ਹਨ ਅਤੇ ਵੰਦੇ ਭਾਰਤ ਐਕਸਪ੍ਰੈੱਸ ਵਰਗੀਆਂ ਤੇਜ਼ ਟਰੇਨਾਂ ਚਲਾਉਣਾ ਆਸਾਨ ਹੋਇਆ ਹੈ। ਇਨ੍ਹਾਂ ਸੁਧਾਰਾਂ ਦਾ ਅਸਰ ਸੁਰੱਖਿਆ ਉੱਤੇ ਵੀ ਦਿਖਿਆ ਹੈ। 2014-15 ਵਿੱਚ 135 ਵੱਡੇ ਰੇਲ ਹਾਦਸੇ ਹੋਏ ਸਨ, ਪਰ 2025-26 ਵਿੱਚ ਇਹ ਗਿਣਤੀ ਘੱਟ ਕੇ ਸਿਰਫ਼ 16 ਰਹਿ ਗਈ। ਯਾਨੀ ਹਾਦਸੇ ਲਗਭਗ 89 ਫੀਸਦੀ ਘੱਟ ਹੋ ਗਏ। ਹਰ 10 ਲੱਖ ਕਿੱਲੋਮੀਟਰ ਚੱਲਣ ਵਾਲੀਆਂ ਟਰੇਨਾਂ ਉੱਤੇ ਹਾਦਸਿਆਂ ਦੀ ਦਰ ਵੀ 0.11 ਤੋਂ ਘੱਟ ਕੇ 0.01 ਹੋ ਗਈ ਹੈ। ਇਹ ਲਗਭਗ 90 ਫੀਸਦੀ ਸੁਧਾਰ ਹੈ। ਖਾਸ ਗੱਲ ਇਹ ਹੈ ਕਿ ਟਰੇਨਾਂ ਅਤੇ ਯਾਤਰੀਆਂ ਦੀ ਗਿਣਤੀ ਵਧਣ ਦੇ ਬਾਵਜੂਦ ਹਾਦਸੇ ਘੱਟ ਹੋਏ ਹਨ।

ਹੁਣ ਰੇਲਵੇ ਨੇ ਇੱਕ ਨਵੀਂ ਔਨਲਾਈਨ ਵਿਵਸਥਾ ਵੀ ਸ਼ੁਰੂ ਕੀਤੀ ਹੈ, ਜਿਸਨੂੰ ਟਰੈਕ ਮੈਨੇਜਮੈਂਟ ਸਿਸਟਮ (ਟੀਐੱਮਐੱਸ) ਕਿਹਾ ਜਾਂਦਾ ਹੈ। ਇਸ ਵਿੱਚ ਪਟੜੀ ਦੀ ਜਾਂਚ, ਟਰੇਨ ਦੇ ਸਫ਼ਰ ਦੀ ਗੁਣਵੱਤਾ ਅਤੇ ਪਟੜੀ ਦੀ ਹਾਲਤ ਨਾਲ ਜੁੜੀ ਸਾਰੀ ਜਾਣਕਾਰੀ ਇੱਕ ਥਾਂ 'ਤੇ ਮਿਲ ਜਾਂਦੀ ਹੈ। ਇਸ ਨਾਲ ਰੇਲਵੇ ਨੂੰ ਜਲਦੀ ਸਮਝ ਆ ਜਾਂਦਾ ਹੈ ਕਿ ਕਿੱਥੇ ਕੰਮ ਕਰਨ ਦੀ ਜ਼ਰੂਰਤ ਹੈ ਅਤੇ ਸਮੇਂ ਰਹਿੰਦੇ ਸੁਧਾਰ ਕੀਤਾ ਜਾ ਸਕਦਾ ਹੈ।

12 ਸਾਲ ਪਹਿਲਾਂ ਭਾਰਤ ਦੀਆਂ 60 ਫੀਸਦੀ ਰੇਲ ਪਟੜੀਆਂ 110 ਕਿੱਲੋਮੀਟਰ ਪ੍ਰਤੀ ਘੰਟੇ ਤੋਂ ਘੱਟ ਰਫ਼ਤਾਰ ਤੱਕ ਹੀ ਸੀਮਿਤ ਸਨ। ਰੇਲ ਪਟੜੀ ਟੁੱਟਣ ਦੀਆਂ ਘਟਨਾਵਾਂ ਆਮ ਸਨ ਅਤੇ ਜ਼ਿਆਦਾਤਰ ਰੱਖ-ਰਖਾਅ ਹੱਥ ਨਾਲ ਕੀਤਾ ਜਾਂਦਾ ਸੀ। ਅੱਜ ਸਥਿਤੀ ਬਦਲ ਚੁੱਕੀ ਹੈ। ਹੁਣ ਲਗਭਗ 80 ਫੀਸਦੀ ਰੇਲ ਨੈੱਟਵਰਕ 110 ਕਿੱਲੋਮੀਟਰ ਪ੍ਰਤੀ ਘੰਟੇ ਜਾਂ ਉਸ ਤੋਂ ਵੱਧ ਰਫ਼ਤਾਰ ਸੰਭਾਲ ਸਕਦਾ ਹੈ। ਰੇਲ ਅਤੇ ਵੈਲਡ ਟੁੱਟਣ ਦੀਆਂ ਘਟਨਾਵਾਂ 90 ਫੀਸਦੀ ਤੱਕ ਘੱਟ ਹੋ ਗਈਆਂ ਹਨ ਅਤੇ ਲਗਭਗ 1,800 ਟਰੈਕ ਮਸ਼ੀਨਾਂ ਕੰਮ ਕਰ ਰਹੀਆਂ ਹਨ।

ਲੱਖਾਂ ਯਾਤਰੀਆਂ ਅਤੇ ਰੇਲ ਮਾਲ ਢੋਆ-ਢੁਆਈ ਉੱਤੇ ਨਿਰਭਰ ਕਾਰੋਬਾਰਾਂ ਲਈ ਇਨ੍ਹਾਂ ਬਦਲਾਵਾਂ ਦਾ ਵੱਡਾ ਅਸਰ ਪਿਆ ਹੈ। ਹੁਣ ਸਫ਼ਰ ਵਧੇਰੇ ਆਰਾਮਦਾਇਕ ਹੋਇਆ ਹੈ, ਯਾਤਰਾ ਦਾ ਸਮਾਂ ਘੱਟ ਹੋਇਆ ਹੈ ਅਤੇ ਰੇਲਵੇ ਨੈੱਟਵਰਕ ਪਹਿਲਾਂ ਤੋਂ ਵੱਧ ਭਰੋਸੇਯੋਗ ਬਣਿਆ ਹੈ। ਕੰਮ ਹੁਣ ਪੂਰਾ ਨਹੀਂ ਹੋਇਆ ਹੈ, ਪਰ ਅੱਜ ਤੱਕ ਹੋਈ ਤਰੱਕੀ ਇਹ ਦਿਖਾਉਂਦੀ ਹੈ ਕਿ ਲਗਾਤਾਰ ਮਿਹਨਤ ਅਤੇ ਨਿਵੇਸ਼ ਨਾਲ ਕਿੰਨਾ ਵੱਡਾ ਬਦਲਾਅ ਲਿਆਇਆ ਜਾ ਸਕਦਾ ਹੈ।

**(ਲੇਖਕ, ਭਾਰਤ ਸਰਕਾਰ ਦੇ ਰੇਲਵੇ, ਸੂਚਨਾ ਅਤੇ ਪ੍ਰਸਾਰਣ, ਇਲੈਕਟਰੌਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਹਨ)**

## ਪੰਜਾਬ ਦਾ ਸਿਆਸੀ ਸੂਰਜ ਅਤੇ ਭ੍ਰਿਸ਼ਟਾਚਾਰ ਦੀ ਸ਼ਾਮ

# ਮੁੱਖ ਮੰਤਰੀ ਭਗਵੰਤ ਮਾਨ ਦੀ 'ਨੀਅਤ' ਅਤੇ 'ਨੀਤੀ' ਦੀ ਪੜਚੋਲ



ਵਿੰਕਲਜੀਤ ਸਿੰਘ ਸਰਾ
9501477889

ਪੰਜਾਬ ਦੀ ਪਵਿੱਤਰ ਧਰਤੀ ਹਮੇਸ਼ਾ ਤੋਂ ਹੀ ਗੁਰੂਆਂ, ਪੀਰਾਂ ਅਤੇ ਕ੍ਰਾਂਤੀਕਾਰੀਆਂ ਦੀ ਕਰਮ-ਭੂਮੀ ਰਹੀ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਇਸ ਸੂਬੇ ਦੇ ਹਾਲਾਤ ਨਾਜ਼ੁਕ ਹੋਏ, ਕਿਸੇ ਨਾ ਕਿਸੇ ਰਹਿਬਰ ਨੇ ਇਸ ਦੀ ਬਾਂਹ ਫੜੀ। ਅੱਜ ਪੰਜਾਬ ਇੱਕ ਅਜਿਹੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਜਿੱਥੇ ਰਵਾਇਤੀ ਸਿਆਸਤ ਦੇ ਕਿਲੇ ਢਹਿ-ਢੇਰੀ ਹੋ ਰਹੇ ਹਨ ਅਤੇ ਇੱਕ ਆਮ ਇਨਸਾਨ ਦੀ ਸੋਚ 'ਤੇ ਆਧਾਰਿਤ ਸ਼ਾਸਨ ਪ੍ਰਣਾਲੀ ਦਾ ਜਨਮ ਹੋ ਰਿਹਾ ਹੈ। ਇੱਕ ਲੇਖਕ ਵਜੋਂ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੇਰੀ ਕਿਸੇ ਸਿਆਸੀ ਪਾਰਟੀ ਨਾਲ ਕੋਈ ਵਾਬਸਤਗੀ ਨਹੀਂ ਹੈ। ਮੈਂ ਸਿਰਫ਼ ਇੱਕ ਜਾਗਰੂਕ ਨਾਗਰਿਕ ਵਜੋਂ ਉਹ ਸੱਚਾਈ ਬਿਆਨ ਕਰ ਰਿਹਾ ਹਾਂ ਜੋ ਮੈਂ ਮਹਿਸੂਸ ਕੀਤੀ ਹੈ। ਮੇਰਾ ਮਕਸਦ ਕੇਵਲ ਇੱਕ ਸੱਚੇ ਇਨਸਾਨ ਵੱਲੋਂ ਪੰਜਾਬ ਦੀ ਬਿਹਤਰੀ ਲਈ ਕੀਤੇ ਗਏ ਕੰਮਾਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕਰਨਾ ਹੈ, ਤਾਂ ਜੋ ਅਸੀਂ ਗੱਲਾਂ ਅਤੇ ਹਕੀਕਤ ਦੇ ਫਰਕ ਨੂੰ ਸਮਝ ਸਕੀਏ।

**ਨੀਅਤ ਸਾਫ਼ ਤਾਂ ਰਸਤੇ ਆਪੇ ਬਣਦੇ ਹਨ; ਪ੍ਰਸ਼ਾਸਨਿਕ ਸਫਾਈ ਅਤੇ ਨੈਤਿਕਤਾ** : ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਪਿਛਲੇ ਚਾਰ ਸਾਲਾਂ ਦਾ ਸਫ਼ਰ ਬੇਮਿਸਾਲ ਤਬਦੀਲੀਆਂ ਦਾ ਗਵਾਹ ਰਿਹਾ ਹੈ। ਅੱਜ ਜੋ ਲੋਕ ਲੀਡਰਸ਼ਿਪ, ਅਫ਼ਸਰਸ਼ਾਹੀ ਅਤੇ ਬਾਬੂਸ਼ਾਹੀ ਬੈਠ ਕੇ ਮਾਨ ਸਾਹਿਬ ਦੀ ਆਲੋਚਨਾ ਕਰ ਰਹੇ ਹਨ, ਸਾਨੂੰ ਉਨ੍ਹਾਂ ਦੇ ਦਰਦ ਦੀ ਵਜ੍ਹਾ ਸਮਝਣੀ ਪਵੇਗੀ। ਇਹ ਉਹ ਲੋਕ ਹਨ, ਜਿਨ੍ਹਾਂ ਦੀਆਂ ਜੇਬਾਂ ਵਿੱਚ ਦੋ ਨੰਬਰ ਦੀ ਪੂੰਜੀ ਪੈਣੀ ਬੰਦ ਹੋ ਗਈ ਹੈ। ਸਿਸਟਮ ਵਿੱਚੋਂ ਰਿਸ਼ਵਤਖੋਰੀ ਅਤੇ ਵਿਚੋਲਿਆਂ ਦਾ ਖ਼ਾਤਮਾ ਉਹਨਾਂ ਨੂੰ ਹਜ਼ਮ ਨਹੀਂ ਹੋ ਰਿਹਾ। ਆਮ ਜਨਤਾ ਨੂੰ ਇਹ ਸਮਝਣਾ ਪਵੇਗਾ ਕਿ ਪੰਜਾਬ ਦਾ ਭਵਿੱਖ ਨੇਤਾਵਾਂ ਦੀਆਂ ਗੱਲਾਂ ਨਾਲ ਨਹੀਂ, ਸਗੋਂ ਸਿਸਟਮ ਦੇ ਸਹੀ ਹੋਣ ਨਾਲ ਚੱਲਣਾ ਹੈ। ਜਿਵੇਂ ਲੋਕ ਕਹਿੰਦੇ ਹਨ ਕਿ 'ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ', ਉਵੇਂ ਹੀ ਮਾਨ ਸਾਹਿਬ ਦੀ ਟੀਮ ਵਿੱਚ ਵੀ ਕੁਝ ਗਲਤ ਲੋਕ ਹੋ ਸਕਦੇ ਹਨ। ਪਰ ਅਹਿਮ ਗੱਲ ਇਹ ਹੈ ਕਿ ਜਦੋਂ ਵੀ ਕੋਈ ਗਲਤੀ ਸਾਹਮਣੇ ਆਈ, ਮਾਨ ਸਾਹਿਬ ਨੇ ਪਿਛਲੀਆਂ ਸਰਕਾਰਾਂ ਵਾਂਗ ਆਪਣੇ ਮੰਤਰੀਆਂ ਜਾਂ ਵਿਧਾਇਕਾਂ ਨੂੰ ਬਚਾਇਆ ਨਹੀਂ, ਸਗੋਂ ਤੁਰੰਤ ਸਖ਼ਤ ਐਕਸ਼ਨ ਲੈ ਕੇ ਉਨ੍ਹਾਂ ਨੂੰ ਸਲਾਖਾਂ ਪਿੱਛੇ ਪਹੁੰਚਾਇਆ ਹੈ। 'ਸਰਕਾਰ ਤੁਹਾਡੇ ਦੁਆਰ' ਵਰਗੇ ਉਪਰਾਲੇ ਇਸੇ 'ਸਾਫ਼ ਨੀਅਤ' ਦਾ ਸਿੱਟਾ ਹਨ।

**ਧਾਰਮਿਕ ਅਕੀਦਤ ਅਤੇ ਰਾਜਨੀਤਿਕ ਸੁਧਾਰ; ਬੇਅਦਬੀ ਵਿਰੁੱਧ ਜੰਗ ਅਤੇ ਵੀ.ਆਈ.ਪੀ. ਸੱਭਿਆਚਾਰ ਦਾ ਖ਼ਾਤਮਾ** : ਪੰਜਾਬ ਦੀ ਆਤਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੱਸਦੀ ਹੈ। ਬੇਅਦਬੀ ਵਰਗੀਆਂ ਘਟਨਾਵਾਂ ਨੇ ਹਮੇਸ਼ਾ ਪੰਜਾਬੀਆਂ ਦੇ ਹਿਰਦੇ ਵਲੂੰਧਰੇ ਹਨ। ਮਾਨ ਸਰਕਾਰ ਨੇ ਇਸ ਸੰਵੇਦਨਸ਼ੀਲ ਮਸਲੇ 'ਤੇ ਨਾ ਸਿਰਫ਼ ਭਾਵੁਕਤਾ ਦਿਖਾਈ, ਸਗੋਂ ਵਿਧਾਨ ਸਭਾ ਵਿੱਚ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਵਾਲਾ ਬਿੱਲ ਲਿਆ ਕੇ ਇੱਕ ਇਤਿਹਾਸਕ ਕਾਨੂੰਨੀ ਕਦਮ ਚੁੱਕਿਆ ਹੈ। ਇਹ ਦਰਸਾਉਂਦਾ ਹੈ ਕਿ ਸਰਕਾਰ ਲਈ ਧਾਰਮਿਕ ਸਤਿਕਾਰ ਅਤੇ ਇਨਸਾਫ਼ ਸਭ ਤੋਂ ਉੱਪਰ ਹੈ। ਇਸੇ ਤਰ੍ਹਾਂ, ਰਾਜਨੀਤੀ ਵਿੱਚੋਂ ਭ੍ਰਿਸ਼ਟਾਚਾਰ ਅਤੇ ਲਾਲਚ ਖ਼ਤਮ ਕਰਨ ਲਈ 'ਇੱਕ ਵਿਧਾਇਕ-ਇੱਕ ਪੈਨਸ਼ਨ' ਦਾ ਫੈਸਲਾ ਲਿਆ ਗਿਆ। ਪਹਿਲਾਂ ਇੱਕ-ਇੱਕ ਆਗੂ ਕਈ-ਕਈ ਪੈਨਸ਼ਨਾਂ ਵਜੋਂ ਜਨਤਾ ਦੇ ਖ਼ਜ਼ਾਨੇ ਨੂੰ ਲੁੱਟ ਰਿਹਾ ਸੀ, ਪਰ ਮਾਨ ਸਾਹਿਬ ਨੇ ਇਸ ਵੀ.ਆਈ.ਪੀ. ਰਿਵਾਜ਼ ਨੂੰ ਜੜ੍ਹੋਂ ਵੱਢ ਕੇ ਕਰੋੜਾਂ ਰੁਪਏ ਬਚਾਏ ਹਨ, ਜੋ ਹੁਣ ਆਮ ਲੋਕਾਂ ਦੀ ਭਲਾਈ 'ਤੇ ਖਰਚ ਹੋ ਰਹੇ ਹਨ।

**ਸਿੱਖਿਆ ਕ੍ਰਾਂਤੀ; ਸਰਕਾਰੀ ਸਕੂਲਾਂ ਦਾ ਦੇਸ਼ ਭਰ ਵਿੱਚ ਪਹਿਲਾ ਸਥਾਨ** : ਪੰਜਾਬ ਵਿੱਚ ਪਿਛਲੇ ਕੁਝ ਸਮੇਂ ਤੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਕ੍ਰਾਂਤੀਕਾਰੀ ਬਦਲਾਅ ਹੁਣ ਠੋਸ ਨਤੀਜੇ ਦੇਣ ਲੱਗੇ ਹਨ। ਭਾਰਤ ਸਰਕਾਰ ਦੇ ਸਰਵੇਖਣ ਮੁਤਾਬਕ ਪੰਜਾਬ ਦੇ ਸਰਕਾਰੀ ਸਕੂਲ ਅੱਜ ਪੜ੍ਹਾਈ ਅਤੇ ਸਹੂਲਤਾਂ ਵਿੱਚ ਦੇਸ਼ ਭਰ ਵਿੱਚੋਂ ਪਹਿਲੇ ਨੰਬਰ 'ਤੇ ਹਨ। ਇਹ ਉਹ ਸਕੂਲ ਹਨ, ਜਿਨ੍ਹਾਂ ਨੂੰ ਕਿਸੇ ਸਮੇਂ ਨਿੱਜੀ ਅਦਾਰਿਆਂ ਤੋਂ ਪਿੱਛੇ ਸਮਝਿਆ ਜਾਂਦਾ ਸੀ। ਸਰਕਾਰ ਨੇ ਇੱਕ ਲੱਖ ਤੋਂ ਵੱਧ ਨਵੇਂ ਡੈਸਕ ਮੁਹੱਈਆ ਕਰਵਾਏ ਅਤੇ 9,000 ਤੋਂ ਵੱਧ ਸਮਾਰਟ ਕਲਾਸਰੂਮ ਤਿਆਰ ਕੀਤੇ ਤਾਂ ਜੋ ਕਿਸੇ ਵੀ ਬੱਚੇ ਨੂੰ ਟਾਟ-ਬੋਰੀਆਂ 'ਤੇ ਨਾ ਬੈਠਣਾ ਪਵੇ। ਅਧਿਆਪਕਾਂ ਨੂੰ ਫਿਨਲੈਂਡ, ਸਿੰਗਾਪੁਰ ਅਤੇ ਆਈ.ਆਈ.ਐਮ. (IIM) ਵਰਗੇ ਚੋਟੀ ਦੇ ਸੰਸਥਾਨਾਂ ਵਿੱਚ ਸਿਖਲਾਈ ਲਈ ਭੇਜਿਆ ਜਾ ਰਿਹਾ ਹੈ। ਇਸੇ ਸਿੱਖਿਆ ਮਾਡਲ ਦੀ ਬਦੌਲਤ ਸਾਲ 2026 ਵਿੱਚ ਸਰਕਾਰੀ ਸਕੂਲਾਂ ਦੇ 305 ਵਿਦਿਆਰਥੀਆਂ ਨੇ ਜੇ.ਈ.ਈ. (JEE) ਅਤੇ 845 ਵਿਦਿਆਰਥੀਆਂ ਨੇ ਨੀਟ (NEET) ਦੀ ਪ੍ਰੀਖਿਆ ਪਾਸ ਕਰਕੇ ਸਾਬਤ ਕਰ ਦਿੱਤਾ ਹੈ ਕਿ ਹੁਣ ਗਰੀਬ ਦਾ ਬੱਚਾ ਵੀ ਡਾਕਟਰ-ਇੰਜੀਨੀਅਰ ਬਣ ਸਕਦਾ ਹੈ।




**ਸਿਹਤ ਸਹੂਲਤਾਂ ਦਾ ਨਵਾਂ ਮਾਡਲ; 983 ਆਮ ਆਦਮੀ ਕਲੀਨਿਕ ਅਤੇ 10 ਲੱਖ ਦਾ ਮੁਫ਼ਤ ਇਲਾਜ** : ਪਿਛਲੇ 75 ਸਾਲਾਂ ਦੌਰਾਨ ਪੰਜਾਬ ਵਿੱਚ ਸਿਰਫ਼ 400 ਕਲੀਨਿਕ ਸਨ, ਪਰ ਮੌਜੂਦਾ ਸਰਕਾਰ ਨੇ ਮਹਿਜ਼ ਚਾਰ ਸਾਲਾਂ ਵਿੱਚ 983+ ਆਮ ਆਦਮੀ ਕਲੀਨਿਕ ਸਥਾਪਿਤ ਕਰਕੇ ਨਵਾਂ ਰਿਕਾਰਡ ਬਣਾਇਆ ਹੈ। ਹੁਣ ਤੱਕ 5 ਕਰੋੜ ਤੋਂ ਵੱਧ ਲੋਕ ਇਹਨਾਂ ਕਲੀਨਿਕਾਂ ਰਾਹੀਂ ਓ.ਪੀ.ਡੀ. ਸੇਵਾਵਾਂ ਦਾ ਲਾਭ ਲੈ ਚੁੱਕੇ ਹਨ, ਜਿਸ ਨਾਲ ਲੋਕਾਂ ਦੇ ਹਜ਼ਾਰਾਂ ਕਰੋੜ ਰੁਪਏ ਬਚੇ ਹਨ। 'ਮੁੱਖ ਮੰਤਰੀ ਸਿਹਤ ਯੋਜਨਾ' ਰਾਹੀਂ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਕੈਸ਼ਲੈਸ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ, ਜੋ ਮਹਿੰਗੇ ਇਲਾਜ ਕਾਰਨ ਕਰਜ਼ੇ ਵਿੱਚ ਫਸੇ ਪਰਿਵਾਰਾਂ ਲਈ ਇੱਕ ਸੰਜੀਵਨੀ ਹੈ। ਸੜਕ ਹਾਦਸਿਆਂ ਵਿੱਚ ਜਾਨਾਂ ਬਚਾਉਣ ਲਈ 'ਫਰਿਸ਼ਤੇ ਯੋਜਨਾ' ਅਤੇ 'ਸੀ.ਐਮ. ਦੀ ਯੋਗਸ਼ਾਲਾ' ਵਰਗੇ ਉਪਰਾਲੇ ਪੰਜਾਬ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਬਣਾ ਰਹੇ ਹਨ।

**ਖੇਤੀਬਾੜੀ ਅਤੇ ਨਹਿਰੀ ਸਿੰਚਾਈ; ਪੰਜ ਦਹਾਕਿਆਂ ਦਾ ਸੋਕਾ ਖ਼ਤਮ** : ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਹੈ। ਮਾਨ ਸਰਕਾਰ ਨੇ 6,700 ਕਰੋੜ ਰੁਪਏ ਖਰਚ ਕੇ ਨਹਿਰੀ ਸਿੰਚਾਈ ਢਾਂਚੇ ਵਿੱਚ ਅਜਿਹਾ ਸੁਧਾਰ ਕੀਤਾ ਹੈ ਕਿ ਸੂਬੇ ਦੇ 1,365 ਅਜਿਹੇ ਪਿੰਡਾਂ ਵਿੱਚ ਪਹਿਲੀ ਵਾਰ ਨਹਿਰੀ ਪਾਣੀ ਪਹੁੰਚਿਆ ਹੈ, ਜਿੱਥੇ ਪਿਛਲੇ 40-50 ਸਾਲਾਂ ਤੋਂ ਸਿੰਚਾਈ ਦੀ ਕਿੱਲਤ ਸੀ। ਸਿੰਚਾਈ ਅਧੀਨ ਖੇਤਰ 26 ਫੀਸਦੀ ਤੋਂ ਵਧ ਕੇ 78 ਫੀਸਦੀ ਹੋ ਗਿਆ ਹੈ। ਕਿਸਾਨਾਂ ਨੂੰ ਖੇਤੀ ਲਈ ਦਿਨ ਵੇਲੇ ਲਗਾਤਾਰ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਮਿਲ ਰਹੀ ਹੈ। ਗੰਨੇ ਦਾ ਸਰਕਾਰੀ ਭਾਅ 416 ਰੁਪਏ ਪ੍ਰਤੀ ਕੁਇੰਟਲ ਕਰਕੇ ਦੇਸ਼ ਭਰ ਵਿੱਚੋਂ ਸਭ ਤੋਂ ਵੱਧ ਮੁੱਲ ਦਿੱਤਾ ਜਾ ਰਿਹਾ ਹੈ। ਕੁਦਰਤੀ ਆਫ਼ਤ ਨਾਲ ਖ਼ਰਾਬ ਹੋਈ ਫ਼ਸਲ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇ ਕੇ ਸਰਕਾਰ ਨੇ ਕਿਸਾਨਾਂ ਦੀ ਬਾਂਹ ਫੜੀ ਹੈ।

**ਖ਼ਜ਼ਾਨੇ ਦੀ ਤਰੱਕੀ ਅਤੇ ਬਿਜਲੀ ਕ੍ਰਾਂਤੀ; 90 ਫੀਸਦੀ ਘਰਾਂ ਦਾ ਜ਼ੀਰੋ ਬਿੱਲ** : ਪੰਜਾਬ ਦੇ ਲਗਭਗ 90 ਫੀਸਦੀ ਘਰਾਂ ਨੂੰ ਹੁਣ ਜ਼ੀਰੋ ਬਿਜਲੀ ਬਿੱਲ ਮਿਲ ਰਹੇ ਹਨ, ਜਿਸ ਨੇ ਮਹਿੰਗਾਈ ਦੇ ਦੌਰ ਵਿੱਚ ਆਮ ਜਨਤਾ ਨੂੰ ਵੱਡੀ ਰਾਹਤ ਦਿੱਤੀ ਹੈ। ਪੀ.ਐਸ.ਪੀ.ਸੀ.ਐਲ. (PSPCL) ਨੇ ਪਿਛਲੇ ਤਿੰਨ ਸਾਲਾਂ ਤੋਂ ਮੁਨਾਫ਼ਾ ਦਰਜ ਕੀਤਾ ਹੈ ਅਤੇ ਭਾਰਤ ਸਰਕਾਰ ਵੱਲੋਂ 'ਏ ਪਲੱਸ' ਰੇਟਿੰਗ ਹਾਸਲ ਕੀਤੀ ਹੈ। ਸਰਕਾਰ ਨੇ ਜੀ.ਵੀ.ਕੇ. (GVK) ਪ੍ਰਾਈਵੇਟ ਪਾਵਰ ਪਲਾਂਟ ਖਰੀਦ ਕੇ ਇਤਿਹਾਸ ਰਚ ਦਿੱਤਾ ਹੈ। ਵਿੱਤੀ ਮੈਨੇਜਮੈਂਟ ਇੰਨੀ ਸ਼ਾਨਦਾਰ ਰਹੀ ਹੈ ਕਿ ਜੀ.ਐਸ.ਟੀ. (GST) ਸੰਗ੍ਰਹਿ 83,739 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ, ਜੋ ਪਿਛਲੀ ਸਰਕਾਰ ਦੇ ਪੰਜ ਸਾਲਾਂ ਦੇ ਰਿਕਾਰਡ ਤੋਂ ਵੀ ਕਿਤੇ ਵੱਧ ਹੈ। ਨਵੀਂ ਆਬਕਾਰੀ ਨੀਤੀ ਰਾਹੀਂ ਹੋਣ ਵਾਲੀ 53,122 ਕਰੋੜ ਦੀ ਆਮਦਨ ਦਰਸਾਉਂਦੀ ਹੈ ਕਿ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਖ਼ਜ਼ਾਨੇ ਨੂੰ ਕਿਵੇਂ ਭਰ ਸਕਦਾ ਹੈ।

**ਰੁਜ਼ਗਾਰ ਅਤੇ ਸੁਰੱਖਿਆ; ਨੌਜਵਾਨਾਂ ਦੇ ਮੁੜੇ ਦਿਨ ਅਤੇ ਸੜਕਾਂ 'ਤੇ ਸੁਰੱਖਿਆ** : ਰੁਜ਼ਗਾਰ ਦੇ ਖੇਤਰ ਵਿੱਚ ਪਾਰਦਰਸ਼ਤਾ ਲਿਆਉਂਦਿਆਂ ਲਗਭਗ 65,000+ ਨੌਜਵਾਨਾਂ ਨੂੰ ਨਿਰੋਲ ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਸੜਕਾਂ 'ਤੇ ਕੀਮਤੀ ਜਾਨਾਂ ਬਚਾਉਣ ਲਈ ਦੇਸ਼ ਦੀ ਪਹਿਲੀ 'ਸੜਕ ਸੁਰੱਖਿਆ ਫੋਰਸ' (SSF) ਬਣਾਈ ਗਈ ਹੈ, ਜਿਸ ਕਾਰਨ ਹਾਦਸਿਆਂ ਵਿੱਚ ਮੌਤਾਂ ਦੀ ਦਰ 50.12 ਫੀਸਦੀ ਘੱਟ ਗਈ ਹੈ। ਗੈਂਗਸਟਰਾਂ ਵਿਰੁੱਧ 'ਗੈਂਗਸਟਰਾਂ ਤਹਿਤ 14,722 ਅਪਰਾਧੀਆਂ ਨੂੰ ਸਲਾਖਾਂ ਪਿੱਛੇ ਪਹੁੰਚਾਇਆ ਗਿਆ ਹੈ। ਪੰਜਾਬ ਦੀ ਅਪਰਾਧ ਦਰ ਹੁਣ ਰਾਸ਼ਟਰੀ ਔਸਤ ਨਾਲੋਂ ਲਗਭਗ ਅੱਧੀ ਰਹਿ ਗਈ ਹੈ।

**ਸ਼ਹੀਦਾਂ ਅਤੇ ਬਜ਼ੁਰਗਾਂ ਦਾ ਸਤਿਕਾਰ; 1 ਕਰੋੜ ਦੀ ਸਨਮਾਨ ਰਾਸ਼ੀ ਅਤੇ ਤੀਰਥ ਯਾਤਰਾ** : ਪੰਜਾਬ ਸਰਕਾਰ ਨੇ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਦੀ ਸਨਮਾਨ ਰਾਸ਼ੀ ਵਧਾ ਕੇ 1 ਕਰੋੜ ਕਰ ਦਿੱਤੀ ਹੈ, ਜੋ ਦੇਸ਼ ਦੇ ਰਾਖਿਆਂ ਪ੍ਰਤੀ ਡੂੰਘੇ ਸਤਿਕਾਰ ਦਾ ਪ੍ਰਤੀਕ ਹੈ। ਬਜ਼ੁਰਗਾਂ ਲਈ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਰਾਹੀਂ ਹਰ ਹਫ਼ਤੇ ਹਜ਼ਾਰਾਂ ਬਜ਼ੁਰਗ ਅਤਿ-ਆਧੁਨਿਕ ਏ.ਸੀ. ਬੱਸਾਂ ਵਿੱਚ ਮੁਫ਼ਤ ਧਾਰਮਿਕ ਯਾਤਰਾ ਦਾ ਆਨੰਦ ਮਾਣ ਰਹੇ ਹਨ। ਇਹ ਸਾਰੇ ਕਦਮ ਸਾਬਿਤ ਕਰਦੇ ਹਨ ਕਿ ਪੰਜਾਬ ਹੁਣ ਸਹੀ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ।

ਇੱਕ ਲੇਖਕ ਵਜੋਂ ਮੈਂ ਇਹੀ ਮਹਿਸੂਸ ਕਰਦਾ ਹਾਂ ਕਿ ਪੰਜਾਬ ਅੱਜ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿੱਥੇ ਪੁਰਾਣੇ ਭ੍ਰਿਸ਼ਟ ਰਿਵਾਜ਼ਾਂ ਨੂੰ ਤਿਆਗ ਕੇ ਇੱਕ ਨਵੀਂ ਪਾਰਦਰਸ਼ੀ ਪ੍ਰਣਾਲੀ ਅਪਣਾਈ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ 'ਨੀਅਤ' ਅਤੇ 'ਨੀਤੀ' ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਦੀ ਰਾਹ 'ਤੇ ਹੈ। ਵਿਰੋਧੀਆਂ ਦੀ ਆਲੋਚਨਾ ਸਿਰਫ਼ ਉਹਨਾਂ ਦੇ ਨਿੱਜੀ ਹਿੱਤਾਂ ਦੀ ਹਾਰ ਹੈ। ਪੰਜਾਬ ਦੇ ਲੋਕਾਂ ਨੂੰ ਇਹ ਸਮਝਣਾ ਹੋਵੇਗਾ ਕਿ ਭ੍ਰਿਸ਼ਟਾਚਾਰ ਮੁਕਤ ਸਿਸਟਮ ਹੀ ਉਹਨਾਂ ਦੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਬਣਾ ਸਕਦਾ ਹੈ। ਆਓ, ਅਸੀਂ ਸਾਰੇ ਮਿਲ ਕੇ ਇਸ ਤਬਦੀਲੀ ਦਾ ਹਿੱਸਾ ਬਣੀਏ ਅਤੇ ਸੱਚ ਦਾ ਸਾਥ ਦੇਈਏ।

# ਤਪਦਿਕ ਦੇ ਲੱਛਣ ਹੋਣ 'ਤੇ ਤੁਰੰਤ ਸਿਹਤ ਕੇਂਦਰ ਤੋਂ ਜਾਂਚ ਕਰਵਾਈ ਜਾਵੇ : ਡਾ. ਬਲਜਿੰਦਰ ਕੌਰ ਕਾਹਲੋਂ



ਕੌਹਰੀਆਂ, 22 ਅਪ੍ਰੈਲ (ਅਵਤਾਰ ਸਿੰਘ ਜਟਾਣਾ ) : ਸਿਵਲ ਸਰਜਨ ਡਾ. ਅਮਰਜੀਤ ਕੌਰ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਟੀ.ਬੀ. ਅਫ਼ਸਰ ਡਾ. ਰਾਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਬਲਜਿੰਦਰ ਕੌਰ ਕਾਹਲੋਂ ਦੀ ਅਗਵਾਈ ਵਿੱਚ ਸਿਹਤ ਬਲਾਕ ਕੌਹਰੀਆਂ ਵੱਲੋਂ 100 ਦਿਨਾਂ ਤਪਦਿਕ (ਟੀ.ਬੀ.) ਜਾਗਰੂਕਤਾ ਮੁਹਿੰਮ ਤਹਿਤ ਗਤੀਵਿਧੀਆਂ ਜਾਰੀ ਹਨ। ਡਾ. ਬਲਜਿੰਦਰ ਕੌਰ ਕਾਹਲੋਂ ਸੀਨੀਅਰ ਮੈਡੀਕਲ ਅਫਸਰ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਇਸ ਵਿਸ਼ੇਸ਼ ਮੁਹਿੰਮ ਦਾ ਮਕਸਦ ਹੈ ਕਿ ਵੱਧ ਤੋਂ ਵੱਧ ਲੋਕਾਂ ਨੂੰ ਤਪਦਿਕ ਦੀ ਬਿਮਾਰੀ ਬਾਰੇ ਜਾਗਰੂਕ ਕੀਤਾ ਜਾਵੇ ਤਾਂ ਜੋ ਤਪਦਿਕ ਮੁਕਤ ਸਮਾਜ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਦੋ ਹਫ਼ਤਿਆਂ ਤੋਂ ਵੱਧ ਖੰਘ, ਭੁੱਖ ਨਾ ਲੱਗਣਾ, ਭਾਰ ਘਟਣਾ ਜਾਂ ਸ਼ਾਮ ਵੇਲੇ ਬੁਖਾਰ ਚੜ੍ਹਦਾ ਹੋਵੇ, ਤਾਂ ਉਸ ਨੂੰ ਤੁਰੰਤ ਨਜ਼ਦੀਕੀ ਸਰਕਾਰੀ ਸਿਹਤ ਕੇਂਦਰ ਵਿੱਚ ਜਾਂਚ ਕਰਵਾਉਣੀ ਚਾਹੀਦੀ ਹੈ।ਨਰਿੰਦਰ ਪਾਲ ਸਿੰਘ ਬਲਾਕ ਐਜੂਕੇਟਰ ਨੇ ਨੇ ਜਾਗਰੂਕਤਾ ਮੁਹਿੰਮ ਦੇ ਵੱਖ-ਵੱਖ ਪਹਿਲੂਆਂ @ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਟੀ.ਬੀ. ਦਾ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਬਿਲਕੁਲ ਮੁਫ਼ਤ ਹੈ। ਉਨ੍ਹਾਂ ਕਿਹਾ ਕਿ ਸਾਡਾ ਸਭ ਦਾ ਫ਼ਰਜ਼ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਇਸ ਸੰਦੇਸ਼ ਨੂੰ ਪਹੁੰਚਾਈਏ ਤਾਂ ਜੋ ਕੋਈ ਵੀ ਮਰੀਜ਼ ਇਲਾਜ ਤੋਂ ਵਾਂਝਾ ਨਾ ਰਹੇ।ਡਾ. ਵਰਿੰਦਰ ਕੁਮਾਰ ਤੇ ਕਨਿਕਾ ਬੱਗਾ ਏ.ਐਮ.ਓ. ਨੇ ਸਕੂਲੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਦੇਸ਼ ਨੂੰ ਟੀ.ਬੀ. ਮੁਕਤ ਕਰਨ ਦਾ ਟੀਚਾ ਮਿੱਥਿਆ ਗਿਆ ਹੈ, ਜਿਸ ਵਿੱਚ ਸਕੂਲੀ ਬੱਚਿਆਂ ਦੀ ਭੂਮਿਕਾ ਅਹਿਮ ਹੈ। ਉਨ੍ਹਾਂ ਬਿਮਾਰੀ ਦੇ ਤਕਨੀਕੀ ਪਹਿਲੂਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਟੀ.ਬੀ. ਹਵਾ ਰਾਹੀਂ ਫੈਲਣ ਵਾਲੀ ਬਿਮਾਰੀ ਹੈ, ਇਸ ਲਈ ਖੰਘਣ ਜਾਂ ਨਿੱਛ ਮਾਰਨ ਵੇਲੇ ਮੂੰਹ @ਤੇ ਰੁਮਾਲ ਰੱਖਣਾ ਚਾਹੀਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਟੀ.ਬੀ. ਕੋਈ ਲਾਇਲਾਜ ਬਿਮਾਰੀ ਨਹੀਂ ਹੈ, ਬਸ਼ਰਤੇ ਕਿ ਦਵਾਈ ਦਾ ਪੂਰਾ ਕੋਰਸ ਬਿਨਾਂ ਨਾਗਾ ਕੀਤਾ ਜਾਵੇ।

# ਪੰਜਾਬ ਪਬਲਿਕ ਸੀ. ਸੈ. ਸਕੂਲ ਵਿੱਚ 'ਵਿਸ਼ਵ ਧਰਤੀ ਦਿਵਸ' ਮੌਕੇ ਵਿਸ਼ੇਸ਼ ਸਭਾ



ਧਨੌਲਾ, 22 ਅਪ੍ਰੈਲ (ਚਮਕੌਰ ਸਿੰਘ ਗੱਗੀ) : ਪੰਜਾਬ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ 'ਵਿਸ਼ਵ ਧਰਤੀ ਦਿਵਸ' ਮੌਕੇ ਉਤਸ਼ਾਹ ਅਤੇ ਜਾਗਰੂਕਤਾ ਨਾਲ ਪ੍ਰੋਗਰਾਮ ਮਨਾਇਆ ਗਿਆ। ਇਸ ਮੌਕੇ ਸਕੂਲ ਦੀ ਨੌਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਇੱਕ ਵਿਸ਼ੇਸ਼ ਸਭਾ (Special Assembly) ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਸਮਾਗਮ ਵਿਦਿਆਰਥੀਆਂ ਨੇ ਬੜੇ ਹੀ ਰੁਚਿਕਰ ਢੰਗ ਨਾਲ ਪੇਸ਼ ਕੀਤਾ। ਵਿਸ਼ੇਸ਼ ਸਭਾ ਦੌਰਾਨ ਨੌਵੀਂ ਜਮਾਤ ਦੇ ਵਿਦਿਆਰਥੀਆਂ ਨੇ ਧਰਤੀ ਨੂੰ ਪ੍ਰਦੂਸ਼ਣ ਮੁਕਤ ਰੱਖਣ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਵਾਤਾਵਰਨ ਦੀ ਰੱਖਿਆ ਬਾਰੇ ਵੀ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਵੱਲੋਂ ਇੱਕ ਲਘੂ ਨਾਟਕ ਵੀ ਪੇਸ਼ ਕੀਤਾ ਗਿਆ, ਜਿਸ ਰਾਹੀਂ ਰੁੱਖਾਂ ਦੀ ਕਟਾਈ ਅਤੇ ਪਾਣੀ ਦੀ ਬਰਬਾਦੀ ਦੇ ਨੁਕਸਾਨਾਂ ਬਾਰੇ ਦਰਸਾਇਆ ਗਿਆ। ਸਭਾ ਦੇ ਅੰਤ ਵਿੱਚ ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਵਾਤਾਵਰਨ ਸੰਭਾਲ ਸੰਬੰਧੀ ਜਾਗਰੂਕ ਕੀਤਾ ਅਤੇ ਪ੍ਰਦੂਸ਼ਣ ਨੂੰ ਘਟਾਉਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਪ੍ਰਿੰਸੀਪਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਧਰਤੀ ਸਾਡੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਸਾਨੂੰ ਸਭ ਨੂੰ ਮਿਲ ਕੇ ਇਸ ਦੀ ਰੱਖਿਆ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰਕਿਰਤੀ ਪ੍ਰਤੀ ਜ਼ਿੰਮੇਵਾਰ ਬਣਨ ਅਤੇ ਹਰੇਕ ਦਿਨ ਨੂੰ ਧਰਤੀ ਦਿਵਸ ਵਜੋਂ ਮਨਾਉਣ ਲਈ ਪ੍ਰੇਰਿਤ ਕੀਤਾ।

# ਹੈਰੀਟੇਜ ਸਕੂਲ ਦੇ ਵਿਦਿਆਰਥੀਆਂ ਨੇ ਵੱਖ- ਵੱਖ ਵਿਸ਼ਿਆਂ ਵਿੱਚੋਂ 100 ਪ੍ਰਤੀਸ਼ਤ ਅੰਕ ਲੈ ਕੇ ਮਾਰੀਆਂ ਮੱਲਾਂ

ਭਵਾਨੀਗੜ੍ਹ, 22 ਅਪ੍ਰੈਲ (ਅਮਨਦੀਪ ਸਿੰਘ ਮਾਝਾ) : ਹੈਰੀਟੇਜ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸੀ.ਬੀ.ਐਸ.ਈ. ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ। ਇਸ ਸਾਲ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ, ਜਿਸ ਵਿੱਚ ਕਈ ਵਿਦਿਆਰਥੀਆਂ ਨੇ ਉੱਚ ਅੰਕ ਪ੍ਰਾਪਤ ਕੀਤੇ।

ਸਕੂਲ ਦੀ ਵਿਦਿਆਰਥਣ ਏਕਮਦੀਪ ਕੌਰ ਨੇ 99% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਬਾਹੁਲ ਕਾਂਸਲ (97.4%), ਅਰਪਣਾ ਸ਼ਰਮਾ ਅਤੇ ਕੁਲਜੀਤ ਸਿੰਘ (96.4%), ਹਰਨੂਰ ਕੌਰ (93.4%), ਚੈਤੱਨਯ ਸ਼ਰਮਾ (92.4%), ਗੁਨਤਾਸ਼ (92.2%), ਡਾਲਸੀ (90.6%), ਅਭਿਸ਼ੇਕ ਸ਼ਰਮਾ ਅਤੇ ਸੁਖਮਨਦੀਪ ਕੌਰ (90.4%) ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਨਤੀਜਿਆਂ ਦੇ ਅੰਕੜਿਆਂ ਅਨੁਸਾਰ 10 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ, ਜਦਕਿ 17 ਵਿਦਿਆਰਥੀਆਂ ਨੇ 80% ਤੋਂ ਵੱਧ ਅਤੇ 33 ਵਿਦਿਆਰਥੀਆਂ ਨੇ 70% ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸ ਤੋਂ ਇਲਾਵਾ

ਏਕਮਦੀਪ ਕੌਰ , ਹਰਨੂਰ ਕੌਰ ਅਤੇ ਗੁਣਤਾਸ਼ ਨੇ ਪੰਜਾਬੀ ਵਿੱਚੋਂ 100 ਅੰਕ, ਕੁਲਜੀਤ ਸਿੰਘ ਅਤੇ ਏਕਮਦੀਪ ਕੌਰ ਨੇ ਸਮਾਜਿਕ ਸਿੱਖਿਆ ਵਿੱਚੋਂ 100 ਅੰਕ ਅਤੇ ਏਕਮਦੀਪ ਕੌਰ ਨੇ ਆਈ. ਟੀ ਵਿੱਚੋਂ 100 ਅੰਕ ਪ੍ਰਾਪਤ ਕੀਤੇ ਹਨ।



ਇਸ ਮੌਕੇ 'ਤੇ ਸਕੂਲ ਪ੍ਰਬੰਧਕ ਸ਼੍ਰੀ ਅਨਿੱਲ ਮਿੱਤਲ ਅਤੇ ਸ਼੍ਰੀਮਤੀ ਆਸ਼ਿਮਾ ਮਿੱਤਲ, ਨਾਲ ਹੀ ਸਕੂਲ ਦੀ ਮੁੱਖ-ਅਧਿਆਪਕਾ ਡਾ. ਗੁਰਪ੍ਰੀਤ ਕੌਰ ਨੇ ਸਾਰੇ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਇਹ ਸਫ਼ਲਤਾ ਵਿਦਿਆਰਥੀਆਂ ਦੀ ਲਗਨ, ਅਧਿਆਪਕਾਂ ਦੀ ਕੜੀ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ।

# ਜੈ ਵਾਟਿਕਾ ਪਬਲਿਕ ਸਕੂਲ ਨੇ ਅੰਤਰਰਾਸ਼ਟਰੀ ਧਰਤੀ ਦਿਵਸ ਲਈ ਵਿਸ਼ੇਸ਼ ਸਭਾ ਕਰਵਾਈ



ਬਰਨਾਲਾ, 22 ਅਪ੍ਰੈਲ (ਇਸ਼ੇਨ ਕੰਗ) : ਜੈ ਵਾਟਿਕਾ ਪਬਲਿਕ ਸਕੂਲ ਨੇ ਅੱਜ ਅੰਤਰਰਾਸ਼ਟਰੀ ਧਰਤੀ ਦਿਵਸ ਮਨਾਉਣ ਲਈ ਇੱਕ ਸ਼ਾਨਦਾਰ ਅਤੇ ਪ੍ਰੇਰਨਾਦਾਇਕ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ। ਸਕੂਲ ਦਾ ਮਾਹੌਲ ਉਤਸ਼ਾਹ, ਊਰਜਾ ਅਤੇ ਵਾਤਾਵਰਣ ਸੁਰੱਖਿਆ ਦੇ ਸੰਦੇਸ਼ਾਂ ਨਾਲ ਭਰਿਆ ਹੋਇਆ ਸੀ। 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਸਵੇਰ ਦੀ ਸਭਾ ਦਾ ਆਯੋਜਨ ਬਹੁਤ ਉਤਸ਼ਾਹ ਨਾਲ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਇੱਕ ਪ੍ਰੇਰਨਾਦਾਇਕ ਵਿਚਾਰ ਅਤੇ ਸ਼ਬਦਾਵਲੀ ਪੇਸ਼ਕਾਰੀ ਨਾਲ ਹੋਈ, ਜਿਸ ਵਿੱਚ ਵਿਦਿਆਰਥੀਆਂ ਨੇ ਮਹੱਤਵਪੂਰਨ ਵਾਤਾਵਰਣ ਸੰਬੰਧੀ ਸ਼ਬਦਾਂ ਅਤੇ ਉਨ੍ਹਾਂ ਦੇ ਅਰਥ ਸਾਂਝੇ ਕੀਤੇ। ਇਸ ਤੋਂ ਬਾਅਦ, ਵਿਦਿਆਰਥੀਆਂ ਨੇ ਮਨਮੋਹਕ ਨਾਚਾਂ, ਸ਼ਕਤੀਸ਼ਾਲੀ ਭਾਸ਼ਣਾਂ ਅਤੇ ਵੱਖ-ਵੱਖ ਰਚਨਾਤਮਕ ਪੇਸ਼ਕਾਰੀਆਂ ਰਾਹੀਂ ਧਰਤੀ ਦੀ ਸੰਭਾਲ ਦਾ ਸੰਦੇਸ਼ ਦਿੱਤਾ। ਸਕੂਲ ਦੇ ਭਾਸ਼ਣ ਕਲੱਬ ਨੇ ਪਹਿਲੀ ਤੋਂ ਤੀਜੀ ਜਮਾਤ ਦੇ ਬੱਚਿਆਂ ਲਈ ਇੱਕ ਤੁਕਬੰਦੀ ਮੁਕਾਬਲਾ ਕਰਵਾਇਆ, ਜਿਸ ਵਿੱਚ ਛੋਟੇ ਬੱਚਿਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਤੋਂ ਇਲਾਵਾ, ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਲਈ ਸਕੂਲ ਕੈਂਪਸ ਵਿੱਚ ਇੱਕ ਰੁੱਖ ਲਗਾਉਣ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਨਾਲ ਵਿਦਿਆਰਥੀਆਂ ਨੂੰ ਕੁਦਰਤ ਨਾਲ ਜੁੜਨ ਦਾ ਮੌਕਾ ਮਿਲਿਆ। ਈਕੋ ਕਲੱਬ ਦੇ ਤਹਿਤ, ਛੇਵੀਂ ਜਮਾਤ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਫੈਸ਼ਨੇਬਲ ਵੇਅਰੇਬਲ ਆਰਟ ਅਤੇ ਬੈਸਟ ਆਊਟ ਆਫ ਵੇਸਟ ਵਰਗੀਆਂ ਗਤੀਵਿਧੀਆਂ ਕਰਵਾਈਆਂ ਗਈਆਂ । 9ਵੀਂ ਅਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਪੋਸਟਰ ਬਣਾਉਣ ਦਾ ਮੁਕਾਬਲਾ ਅਤੇ ਇੱਕ ਕਾਗਜ਼ੀ ਪਰਸ ਬਣਾਉਣ ਦੀ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਨੇ ਆਪਣੇ ਪੋਸਟਰਾਂ ਰਾਹੀਂ ਵਾਤਾਵਰਣ ਸੁਰੱਖਿਆ, ਪਲਾਸਟਿਕ ਦੇ ਮਾੜੇ ਪ੍ਰਭਾਵਾਂ ਅਤੇ ਹਰਿਆਲੀ ਦੀ ਮਹੱਤਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਵਾਤਾਵਰਣ ਜਾਗਰੂਕਤਾ ਵਧਾਉਣਾ ਅਤੇ ਉਨ੍ਹਾਂ ਨੂੰ ਧਰਤੀ ਦੀ ਰੱਖਿਆ ਲਈ ਪ੍ਰੇਰਿਤ ਕਰਨਾ ਸੀ। ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ, ਸਕੂਲ ਦੀ ਪ੍ਰਿੰਸੀਪਲ, ਡਾ. ਪਰਵਿੰਦਰ ਕੌਰ ਨੇ ਕਿਹਾ, ਧਰਤੀ ਸਾਡਾ ਘਰ ਹੈ, ਅਤੇ ਇਸਦੀ ਰੱਖਿਆ ਕਰਨਾ ਸਾਡਾ ਫਰਜ਼ ਹੈ। ਛੋਟੇ-ਛੋਟੇ ਯਤਨ, ਜਿਵੇਂ ਕਿ ਰੁੱਖ ਲਗਾਉਣਾ, ਪਾਣੀ ਬਚਾਉਣਾ ਅਤੇ ਪਲਾਸਟਿਕ ਦੀ ਵਰਤੋਂ ਘਟਾਉਣਾ, ਸਾਡੇ ਭਵਿੱਖ ਨੂੰ ਸੁਰੱਖਿਅਤ ਬਣਾ ਸਕਦੇ ਹਨ। ਪ੍ਰੋਗਰਾਮ ਦੇ ਅੰਤ ਵਿੱਚ, ਸਾਰੇ ਵਿਦਿਆਰਥੀਆਂ ਨੇ ਵਾਤਾਵਰਣ ਦੀ ਰੱਖਿਆ ਕਰਨ ਦਾ ਪ੍ਰਣ ਲਿਆ। ਇਹ ਸਮਾਗਮ ਨਾ ਸਿਰਫ਼ ਜਾਣਕਾਰੀ ਭਰਪੂਰ ਸੀ ਬਲਕਿ ਵਿਦਿਆਰਥੀਆਂ ਵਿੱਚ ਕੁਦਰਤ ਪ੍ਰਤੀ ਪਿਆਰ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਨ ਵਿੱਚ ਵੀ ਸਫਲ ਰਿਹਾ।

# ਨਿੱਘੇ ਪਾਠਕ, ਵੱਡੇ ਸੁਪਨੇ : ਐਮ.ਟੀ.ਐਸ. ਸਕੂਲ ਵਿੱਚ ਕਲਾਸਰੂਮ ਰੀਡਿੰਗ ਗਤੀਵਿਧੀ




ਬਰਨਾਲਾ, 22 ਅਪ੍ਰੈਲ ( ਇਸ਼ੇਨ ਕੰਗ) : ਐਮ.ਟੀ.ਐਸ. ਬਰਨਾਲਾ ਵਿੱਚ ਨਰਸਰੀ ਤੋਂ ਦੂਜੀ ਕਲਾਸ ਤੱਕ ਦੇ ਵਿਦਿਆਰਥੀਆਂ ਲਈ ਰੁਚਿਕਰ ਕਲਾਸਰੂਮ ਰੀਡਿੰਗ ਗਤੀਵਿਧੀ ਕਰਵਾਈ ਗਈ। ਨਿੱਘੇ ਬੱਚਿਆਂ ਨੇ ਅਧਿਆਪਕਾਂ ਦੀ ਰਹਿਨੁਮਾਈ ਹੇਠ ਕਹਾਣੀ ਪੁਸਤਕਾਂ ਅਤੇ ਤਸਵੀਰੀ ਕਿਤਾਬਾਂ ਦਾ ਆਨੰਦ ਲਿਆ। ਇਸ ਗਤੀਵਿਧੀ ਨਾਲ ਉਨ੍ਹਾਂ ਦੀ ਸ਼ਬਦਾਵਲੀ, ਉਚਾਰਣ ਅਤੇ ਸੁਣਨ ਦੀ ਸਮਰੱਥਾ ਵਿੱਚ ਵਿਕਾਸ ਹੋਇਆ। ਬੱਚਿਆਂ ਨੇ ਆਤਮ ਵਿਸ਼ਵਾਸ ਨਾਲ ਪੜ੍ਹਨਾ ਸਿੱਖਿਆ ਅਤੇ ਆਪਣੇ ਵਿਚਾਰ ਪ੍ਰਗਟ ਕੀਤੇ। ਇਹ ਉਪਰਾਲਾ ਬੱਚਿਆਂ ਵਿੱਚ ਪੜ੍ਹਨ ਦੀ ਆਦਤ ਅਤੇ ਰਚਨਾਤਮਕ ਸੋਚ ਨੂੰ ਮਜ਼ਬੂਤ ਕਰਦਾ ਹੈ, ਜੋ ਉਨ੍ਹਾਂ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ ਹੈ।

# ਗਰੀਨ ਫ਼ੀਲਡ ਕਾਨਵੈਂਟ ਸਕੂਲ ਵਿਖੇ 'ਵਿਸ਼ਵ ਧਰਤੀ ਦਿਵਸ' ਮਨਾਇਆ



ਧਨੌਲਾ, 22 ਅਪ੍ਰੈਲ (ਚਮਕੌਰ ਸਿੰਘ ਗੱਗੀ) : ਗਰੀਨ ਫੀਲਡ ਕਾਨਵੈਂਟ (ਸੀਨੀਅਰ ਸੈਕੰਡਰੀ) ਸਕੂਲ ਦਾਨਗੜ੍ਹ ਵਿਖੇ 'ਵਿਸ਼ਵ ਧਰਤੀ ਦਿਵਸ ਮਨਾਇਆ ਗਿਆ। ਇਸ ਮੌਕੇ ਅਸਿਸਟੈਂਟ ਕੋਆਰਡੀਨੇਟਰ ਨੋਵਲਪ੍ਰੀਤ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਜਾਗਰੂਕ ਕੀਤਾ ਕਿ ਧਰਤੀ ਉੱਪਰ ਦਿਨ-ਬ-ਦਿਨ ਪ੍ਰਦੂਸ਼ਨ ਵੱਧ ਰਿਹਾ ਹੈ,ਜੋ ਕਿ ਮਨੁੱਖੀ ਪ੍ਰਜਾਤੀ ਅਤੇ ਪਛੂ ਪੰਛੀਆਂ ਲਈ ਵੀ ਹਾਨੀਕਾਰਕ ਹੈ। ਜਿਸ ਦੀ ਰੋਕਥਾਮ ਲਈ ਜ਼ਰੂਰੀ ਹੈ ਕਿ ਸਾਨੂੰ ਧਰਤੀ ਨੂੰ ਅੱਗ ਨਹੀਂ ਲਗਾਉਣੀ ਚਾਹੀਦੀ ਅਤੇ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਇਸ ਨਾਲ ਪ੍ਰਦੂਸ਼ਣ ਨੂੰ ਠੱਲ੍ਹ ਪੈ ਸਕਦੀ ਹੈ। ਧਰਤੀ ਦੇ ਮਹੱਤਵ ਨੂੰ ਦਰਸਾਉਣ, ਧਰਤੀ ਦੀ ਹੋਂਦ ਨੂੰ ਖੜ੍ਹੇ ਹੋਏ ਖ਼ਤਰਿਆਂ ਸੰਬੰਧੀ ਜਾਣਕਾਰੀ ਦੇਣ ਅਤੇ ਧਰਤੀ ਨੂੰ ਬਚਾਉਣ ਲਈ ਜਾਗਰੂਕਤਾ ਫੈਲਾਉਣ ਲਈ ਹਰ ਸਾਲ 22 ਅਪ੍ਰੈਲ ਨੂੰ ਵਿਸ਼ਵ ਧਰਤੀ ਦਿਵਸ ਮਨਾਇਆ ਜਾਂਦਾ ਹੈ। ਪਹਿਲੀ ਵਾਰ ਇਹ 22 ਅਪ੍ਰੈਲ 1970 ਵਿਚ ਮਨਾਇਆ ਗਿਆ। ਅਤੇ ਪੂਰੇ ਬ੍ਰਹਿਮੰਡ ਵਿੱਚ ਕੇਵਲ ਧਰਤੀ ਹੀ ਇਕ ਅਜਿਹਾ ਗ੍ਰਹਿ ਹੈ, ਜਿਸ 'ਤੇ ਜੀਵਨ ਸੰਭਵ ਹੈ, ਕਿਉਂਕਿ ਇਥੇ ਪਾਣੀ, ਆਕਸੀਜ਼ਨ, ਸਹੀ ਤਾਪਮਾਨ ਤੇ ਵਾਤਾਵਰਨ ਮੌਜੂਦ ਹਨ। ਧਰਤੀ ਦਾ ਲੱਗਭੱਗ 71 ਫੀਸਦੀ ਹਿੱਸਾ ਪਾਣੀ ਹੋਣ ਕਰਕੇ ਇਸ ਨੂੰ ਨੀਲਾ ਗ੍ਰਹਿ ਵੀ ਕਿਹਾ ਜਾਂਦਾ ਹੈ।ਜੇਕਰ ਅਸੀਂ ਦੇਖੀਏ ਤਾਂ ਸਾਡੇ ਵਾਤਾਵਰਨ 'ਚ 50% ਕਾਰਬਨ ਡਾਈਆਕਸਾਇਡ ਵੱਧ ਗਈ ਹੈ, ਜੋ ਮਨੁੱਖੀ ਜੀਵਨ ਲਈ ਬਹੁਤ ਖ਼ਤਰਨਾਕ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਰੋਕਣ ਦਾ ਇੱਕੋ-ਇੱਕ ਹੱਲ ਹੈ ਵੱਧ ਤੋਂ ਵੱਧ ਪੌਦੇ ਲਗਾਉਣੇ, ਕਿਉਂਕਿ ਰੁੱਖ ਕਾਰਬਨ ਡਾਈਆਕਸਾਇਡ ਨੂੰ ਖ਼ਤਮ ਕਰਕੇ ਸਾਨੂੰ ਆਕਸੀਜਨ ਦਿੰਦੇ ਹਨ ਜਿਸ ਤੋਂ ਬਿਨਾਂ ਅਸੀਂ ਨਹੀਂ ਰਹਿ ਸਕਦੇ। ਉਨ੍ਹਾਂ ਕਿਹਾ ਕਿ ਧਰਤੀ 'ਤੇ ਖੁੱਲ੍ਹੇਆਮ ਕੂੜਾ-ਕਰਕਟ, ਲਿਫਾਫੇ ਤੇ ਕਚਰਾ ਆਦਿ ਨਹੀਂ ਸੁੱਟਣਾ ਚਾਹੀਦਾ । ਇਸ ਨਾਲ ਧਰਤੀ ਬਹੁਤ ਪ੍ਰਦੂਸ਼ਿਤ ਹੁੰਦੀ ਹੈ। ਸਾਨੂੰ ਕੀਟਨਾਸ਼ਕ (ਪੈਸਟੀਸਾਈਡ) ਦਵਾਈਆਂ ਦੀ ਵਰਤੋਂ 'ਤੇ ਨਕੇਲ ਪਾਉਣ ਦੀ ਜ਼ਰੂਰਤ ਹੈ। ਇਸ ਨਾਲ ਧਰਤੀ ਅੰਦਰਲੀ ਤਾਕਤ ਖ਼ਤਮ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਫ਼ਸਲਾਂ ਵਧੇਰੇ ਉਗਾਉਣੀਆਂ ਚਾਹੀਦੀਆਂ ਹਨ ਜਿੰਨ੍ਹਾਂ 'ਤੇ ਪਾਣੀ ਦੀ ਖ਼ਪਤ ਘੱਟ ਹੋਵੇ । ਇਸ ਮੌਕੇ ਸਕੂਲ ਵਿੱਚ ਬੱਚਿਆਂ ਦੁਆਰਾ ਵੱਧ ਤੋਂ ਵੱਧ ਪੌਦੇ ਵੀ ਲਗਾਏ ਗਏ। ਇਸ ਮੌਕੇ ਪ੍ਰਿੰਸੀਪਲ ਪ੍ਰੀਤ ਕਮਲ ਸ਼ਰਮਾ,ਵਾਈਸ ਪ੍ਰਿੰਸੀਪਲ ਜਸਵੀਰ ਕੌਰ , ਕੋਆਰਡੀਨੇਟਰ ਸੰਦੀਪ ਕੌਰ ਆਦਿ ਹਾਜ਼ਰ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੱਟੂ ਵਿਖੇ ਫਿਜ਼ਿਕਸ ਲੈਬ ਦਾ ਉਦਘਾਟਨੀ ਸਮਾਰੋਹ ਕਰਵਾਇਆ



ਬਰਨਾਲਾ, 22 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ) : ਪੰਜਾਬ ਸਰਕਾਰ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੱਟੂ ਵਿਖੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਬਾਇਓ ਅਤੇ ਫਿਜ਼ਿਕਸ ਲੈਬ ਦਾ ਉਦਘਾਟਨੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਰਾਮ ਤੀਰਥ ਮੰਨਾ ਚੇਅਰਮੈਨ ਨਗਰ ਸੁਧਾਰ ਟਰਸਟ ਬਰਨਾਲਾ ਸ਼ਾਮਿਲ ਹੋਏ। ਉਨ੍ਹਾਂ ਦੇ ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਬਰਨਾਲਾ ਸੁਨੀਤਇੰਦਰ ਸਿੰਘ ਗਿੱਲ , ਡੀ.ਐਸ.ਐਮ ਕੁਲਦੀਪ ਸਿੰਘ ਕਮਲ, ਬਲਾਕ ਨੋਡਲ ਅਫ਼ਸਰ ਮੈਡਮ ਹਰਪ੍ਰੀਤ ਕੌਰ, ਪ੍ਰਦੀਪ ਕੁਮਾਰ, ਹੈੱਡਮਾਸਟਰ ਸ.ਹ.ਸ. ਕਾਹਨੇਕੇ, ਸਰਪੰਚ ਬਲਜੀਤ ਕੌਰ ਕੱਟੂ ਅਤੇ ਮੁਹੰਮਦ ਸਾਹਿਬਦੀਨ, ਚੇਅਰਮੈਨ ਐਸ.ਐਮ.ਸੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ 'ਤੇ ਮੁੱਖ ਮਹਿਮਾਨ ਵੱਲੋਂ ਸਕੂਲ ਵਿੱਚ ਨਵੀਆਂ ਉਸਾਰੀਆਂ ਗਈਆਂ ਬਾਇਓ ਅਤੇ ਫਿਜ਼ਿਕਸ ਲੈਬਾਂ ਦਾ ਉਦਘਾਟਨ ਕੀਤਾ ਗਿਆ, ਜਿਸ ਤੋਂ ਬਾਅਦ ਸਾਰੇ ਮਹਿਮਾਨਾਂ ਅਤੇ ਪਿੰਡ ਦੇ ਪਤਵੰਤੇ ਸੱਜਣਾ ਵੱਲੋਂ ਸਕੂਲੀ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਗਏ ਸਭਿਆਚਾਰਕ ਪ੍ਰੋਗਰਾਮ ਦਾ ਆਨੰਦ ਮਾਣਿਆ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ) ਸੁਨੀਤਇੰਦਰ ਸਿੰਘ ਗਿੱਲ ਨੇ ਮਾਪਿਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਅਤੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਪੜ੍ਹਾਈ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਲਖਵੀਰ ਸਿੰਘ ਧਨੇਸਰ ਅਤੇ ਰਵੀ ਕੁਮਾਰ ਵੱਲੋਂ ਬਾਖ਼ੂਬੀ ਨਿਭਾਇਆ ਗਿਆ। ਇਸ ਮੌਕੇ ਉੱਘੇ ਸਮਾਜ ਸੇਵੀ ਪ੍ਰੇਮ ਕੁਮਾਰ, ਹਰਜੀਤ ਸਿੰਘ, ਜੋਗਿੰਦਰ ਸਿੰਘ ਭੁੱਲਰ, ਸੁਖਵਿੰਦਰ ਸਿੰਘ ਸੋਹੀ, ਕਮਿਊਨਿਟੀ ਹੈਲਥ ਅਫ਼ਸਰ ਮੈਡਮ ਅਮਨਪ੍ਰੀਤ ਕੌਰ ਅਤੇ ਕਰਨੈਲ ਸਿੰਘ ਤੋਂ ਇਲਾਵਾ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ। ਪ੍ਰੋਗਰਾਮ ਦੇ ਅੰਤ 'ਚ ਸਕੂਲ ਇੰਚਾਰਜ ਰੁਪਿੰਦਰ ਸਿੰਘ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਅਤੇ ਸਟਾਫ਼ ਦਾ ਧੰਨਵਾਦ ਕੀਤਾ ਗਿਆ।

# ਸੇਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ, ਪੱਖੋ ਕਲਾਂ ਵਿਖੇ ਵਿਸ਼ਵ ਧਰਤੀ ਦਿਵਸ ਮਨਾਇਆ



ਬਰਨਾਲਾ, 22 ਅਪ੍ਰੈਲ (ਬਘੇਲ ਸਿੰਘ ਧਾਲੀਵਾਲ) : ਬੇਕਾਰ ਚੀਜ਼ਾਂ ਨੂੰ ਆਲੇ=ਦੁਆਲੇ ਖੁੱਲ੍ਹੇ ਚ ਨਾ ਸੁੱਟਣ ਦਾ ਦਿੱਤਾ ਸੁਨੇਹਾ ਇਲਾਕੇ ਭਰ ਦੇ ਬੱਚਿਆਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਪੜ੍ਹਾਈ ਮੁਹੱਈਆ ਕਰਵਾ ਰਹੀ ਨਾਮਵਰ ਵਿੱਦਿਅਕ ਸੰਸਥਾ ਸੇਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ,ਪੱਖੋ ਕਲਾਂ ਵਿਖੇ ਅੱਜ ਵਿਸ਼ਵ ਧਰਤੀ ਦਿਵਸ ਨੂੰ ਮੁੱਖ ਰੱਖਦੇ ਹੋਏ ਸਕੂਲ ਚੇਅਰਮੈਨ ਸ੍ਰ:ਰਵਿੰਦਰਜੀਤ ਸਿੰਘ ਬਿੰਦੀ,ਸ੍ਰ:ਸਾਗਰਜੀਤ ਸਿੰਘ ਖੀਪਲ (ਡਾਇਰੈਕਟਰ) ਦੀ ਅਗਵਾਈ ਹੇਠ ਵਿਦਿਆਰਥੀਆਂ ਨੂੰ ਮੌਸਮ ਵਿੱਚ ਤਬਦੀਲੀ ਅਤੇ ਗਲੋਬਲ ਵਾਰਮਿੰਗ ਬਾਰੇ ਜਾਗਰੂਕ ਕਰਦੇ ਹੋਏ ਵਾਤਾਵਰਨ ਦੀ ਸੁਰੱਖਿਆ ਦੀ ਦਿਸ਼ਾ ਵਿੱਚ ਕਦਮ ਚੁੱਕਣ ਲਈ ਸਾਲ 2026 ਦੇ ਥੀਮ ਸਾਡੀ ਤਾਕਤ ਸਾਡਾ ਗ੍ਰਹਿ ਤਹਿਤ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ,ਜਿਸ ਵਿੱਚ ਲੋਕਾਂ,ਸਮਾਜ ਨੂੰ ਵਾਤਾਵਰਨ ਸਬੰਧੀ ਜਾਗਰੂਕਤਾ ਅਤੇ ਧਰਤੀ ਨੂੰ ਮਾਂ ਦੀ ਤਰ੍ਹਾਂ ਸੰਭਾਲਣ ਲਈ ਸੁਨੇਹਾ ਦੇਣ ਲਈ ਵਿਦਿਆਰਥੀਆਂ ਦੇ ਭਾਸ਼ਣ,ਚਾਰਟ ਪੋਸਟਰ ਮੇਕਿੰਗ,ਘਰੇਲੂ ਬੇਕਾਰ ਵਸਤਾਂ ਤੋਂ ਵਰਤੋ ਯੋਗ ਵਸਤਾਂ ਤਿਆਰ ਕਰਨ ਦੇ ਮੁਕਾਬਲੇ ਕਰਵਾਏ ਗਏ।ਵਿਸ਼ਵ ਧਰਤੀ ਦਿਵਸ ਸਬੰਧੀ ਚਾਰਟ ਅਤੇ ਪੋਸਟਰ ਬਨਾਉਣ ਦੇ ਮੁਕਾਬਲੇ ਦੌਰਾਨ ਵਿਦਿਆਰਥੀਆਂ ਨੇ ਧਰਤੀ,ਪਾਣੀ,ਵਾਤਾਵਰਨ ਅਤੇ ਖਣਿਜ ਪਦਾਰਥਾਂ ਨੂੰ ਬਚਾਉਣ ਸਬੰਧੀ ਵੱਖ=ਵੱਖ ਸਲੋਗਨ ਲਿਖੇ ਤਸਵੀਰਾਂ ਬਣਾਏ ਚਾਰਟ, ਪੋਸਟਰਾਂ ਨਾਲ ਲੋਕਾਂ ਨੂੰ ਧਰਤੀ ਨੂੰ ਸਾਫ-ਸੁਥਰਾ ਰੱਖਣ,ਵਾਤਾਵਰਨ ਦੀ ਸੁਰੱਖਿਆ ਸਬੰਧੀ ਜਾਗਰੂਕ ਕੀਤਾ। ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਘਰੇਲੂ ਵਰਤੋ ਵਿੱਚ ਆਉਂਦੀਆ ਬੇਕਾਰ ਹੋਈਆ ਵਸਤਾਂ ਤੋਂ ਵੱਖ-ਵੱਖ ਸੁੰਦਰ ਪ੍ਰਦਰਸ਼ਨੀ, ਸਜਾਵਟੀ ਵਸਤਾਂ ਬਣਾ ਕੇ ਸਮਾਜ ਨੂੰ ਬੇਕਾਰ ਹੋਈਆ ਵਸਤਾਂ ਦੀ ਦੁਬਾਰਾ ਵਰਤੋ ਕਰਨ ਲਈ ਪ੍ਰੇਰਿਆ। ਅਧਿਆਪਕ ਸਾਹਿਬਾਨ ਨੇ ਵਿਦਿਆਰਥੀਆਂ ਨੂੰ ਬੇਕਾਰ ਵਸਤਾਂ ਨੂੰ ਖੁੱਲੇ ਵਿੱਚ ਨਾ ਸੁੱਟਣ ਅਤੇ ਪਲਾਸਟਿਕ ਲਿਫਾਫਿਆਂ ਦੀ ਵਰਤੋ ਨਾ ਕਰਨ ਜਾਂ ਪਲਾਸਟਿਕ ਤੋ ਬਣੀਆਂ ਵਸਤਾਂ ਨੂੰ ਆਲੇ=ਦੁਆਲੇ ਵਿੱਚ ਨਾ ਸੁੱਟਣ ਦਾ ਸੁਨੇਹਾ ਦਿੱਤਾ ਕਿਉਂਕਿ ਪਲਾਸਟਿਕ ਮਨੁੱਖਾਂ, ਵਾਤਾਵਰਨ ਦੇ ਨਾਲ-ਨਾਲ ਜੀਵ=ਜੰਤੂਆਂ ਲਈ ਵੀ ਨੁਕਸਾਨਦਾਇਕ ਹੈ।ਵਿਸ਼ਵ ਧਰਤੀ ਦਿਵਸ ਮੌਕੇ ਵਿਦਿਆਰਥੀਆਂ ਨੇ ਖਾਸ ਤੌਰ ਤੇ ਸਕੂਲ ਅਤੇ ਆਲੇ-ਦੁਆਲੇ ਹਰੇ ਭਰੇ ਛਾਂਦਾਰ ਪੌਦੇ ਬੂਟੇ ਲਗਾ ਕੇ ਸਮਾਜ ਅਤੇ ਵਾਤਾਵਰਨ ਪ੍ਰੇਮੀਆਂ ਨੂੰ ਛਾਂਦਾਰ ਅਤੇ ਫਲ ਦੇਣ ਵਾਲੇ ਪੌਦੇ ਲਗਾਉਣ ਦੀ ਅਪੀਲ ਕੀਤੀ। ਇਸ ਮੌਕੇ ਚਾਰਟ,ਪੋਸਟਰ ਅਤੇ ਭਾਸ਼ਣ ਮੁਕਾਬਲੇ ਦੌਰਾਨ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਵਿਦਿਆਰਥੀਆਂ ਦੀ ਹੌਸਲਾਂ ਅਫਜ਼ਾਈ ਕੀਤੀ ਗਈ।

ਵਿਦਿਆਰਥੀਆਂ ਨੇ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋ ਬਚਾਉਣ ਲਈ ਆਪਣੇ ਘਰ,ਆਲੇ-ਦੁਆਲੇ ਪੌਦੇ ਲਗਾਉਣ ਅਤੇ ਆਪਣੇ ਦੋਸਤਾਂ,ਸਮਾਜ ਨੂੰ ਵੀ ਪੌਦੇ ਲਗਾ ਕੇ ਆਲੇ-ਦੁਆਲੇ ਨੂੰ ਹਰਾ-ਭਰਾ ਬਣਾਈ ਰੱਖਣ ਲਈ ਜਾਗਰੂਕ ਕਰਨ ਦਾ ਪ੍ਰਣ ਲਿਆ।ਇਸ ਮੌਕੇ ਸਮੂਹ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ ਹਾਜ਼ਿਰ ਸਨ।

# ਸੰਧੂ ਤੇ ਘੁੰਨਸ ਨੇ ਕੀਤੀ ਤੇਜਾ ਸਿੰਘ ਤਿਲਕ ਦੇ ਅਨੁਵਾਦਿਤ ਪੁਸਤਕ ਰਿਲੀਜ਼



ਤਪਾ ਮੰਡੀ, 22 ਅਪ੍ਰੈਲ (ਭੂਸ਼ਨ ਘੜੈਲਾ) : ਗੁਰਦੁਆਰਾ ਤਪ ਅਸਥਾਨ ਘੁੰਨਸ ਵਿਖੇ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਅਤੇ ਸਾਬਕਾ ਮੰਤਰੀ ਸੰਤ ਬਲਵੀਰ ਸਿਘ ਘੁੰਨਸ ਨੇ ਸਾਂਝੇ ਤੌਰ 'ਤੇ ਪ੍ਰਸਿੱਧ ਆਲੋਚਕ ਅਤੇ ਅਨੁਵਾਦਕ ਤੇਜਾ ਸਿੰਘ ਤਿਲਕ ਦੀ ਅਨੁਵਾਦਿਤ ਪੁਸਤਕ 'ਭਾਰਤੀ ਕਹਾਣੀਆਂ' ਰਿਲੀਜ਼ ਕੀਤੀ। ਇਸ ਮੌਕੇ ਬੋਲਦਿਆਂ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਜਦੋਂ ਭਾਰਤੀ ਕਹਾਣੀਆਂ ਦੀ ਪੁਸਤਕ ਪੰਜਾਬੀ ਵਿਚ ਅਨੁਵਾਦ ਹੁੰਦੀ ਹੈ ਤਾਂ ਨਵੇਂ ਕਹਾਣੀਕਾਰਾਂ ਨੂੰ ਚੰਗੀਆਂ ਕਹਾਣੀਆਂ ਲਿਖਣ ਦੀ ਪ੍ਰੇਰਨਾ ਮਿਲਦੀ ਹੈ। ਅਨੁਵਾਦ ਦਾ ਮਕਸਦ ਵੀ ਇਹੋ ਹੁੰਦਾ ਹੈ। ਸੰਤ ਘੁੰਨਸ ਨੇ ਕਿਹਾ ਕਿ ਤਿਲਕ ਬਹੁਪੱਖੀ ਸ਼ਖ਼ਸੀਅਤ ਹਨ। ਇਨ੍ਹਾਂ ਨੂੰ ਗੁਰਬਾਣੀ ਦੀ ਵੀ ਸਮਝ ਹੈ। ਸਾਹਿਤ ਦੀ ਵੀ। ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਤਿਲਕ ਦੀ ਮਹਾਰਾਜਾ ਦਲੀਪ ਬਾਰੇ ਅਨੁਵਾਦ ਕੀਤੀ ਬੰਗਾਲੀ ਲੇਖਕ ਦੀ ਪੁਸਤਕ 'ਪੰਜਾਬ 'ਤੇ ਕਬਜ਼ਾ' ਅਤੇ ਮਹਾਰਾਜਾ ਦਲੀਪ ਸਿੰਘ ' ਬੜੀ ਮੁੱਲਵਾਨ ਕਿਤਾਬ ਹੈ, ਜਿਸਨੂੰ ਭਾਸ਼ਾ ਵਿਭਾਗ ਦਾ ਇਨਾਮ ਵੀ ਮਿਲਿਆ ਹੈ।ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਤਿਲਕ ਨਿਰੰਤਰ ਸਾਹਿਤ ਸਾਧਨਾ ਨਾਲ ਜੁੜੇ ਹੋਏ ਲੇਖਕ ਹਨ। ਉਹ ਮੌਲਿਕ ਲੇਖਕ ਵੀ ਹਨ। ਗਿਆਰਾਂ ਪੁਸਤਕਾਂ ਦਾ ਸੰਪਾਦਨ ਵੀ ਕੀਤਾ ਹੈ। ਤੇਜਾ ਸਿੰਘ ਤਿਲਕ ਨੇ ਕਿਹਾ ਕਿ ਮੈਂ ਪੰਜਾਬੀ ਸਾਹਿਤ ਦੇ ਨਾਲ ਨਾਲ ਭਾਰਤ ਪੱਧਰਾ ਹਿੰਦੀ ਅਤੇ ਹੋਰਾਂ ਭਾਸ਼ਾਵਾਂ ਦਾ ਸਾਹਿਤ ਵੀ ਪੜ੍ਹਦਾ ਰਹਿੰਦਾ ਹਾਂ। ਮੇਰੀ ਇਸੇ ਲਗਨ ਵਿੱਚੋਂ ਇਸ ਪੁਸਤਕ ਦਾ ਜਨਮ ਹੋਇਆ ਹੈ। ਇਸ ਮੌਕੇ ਪੰਜਾਬੀ ਲੇਖਕ ਗੁਰਜੰਟ ਸਿੰਘ ਬਰਨਾਲਾ, ਪ੍ਰਸਿੱਧ ਢਾਡੀ ਅਤੇ ਲੇਖਕ ਚਮਕੌਰ ਸਿੰਘ ਭੋਤਨਾ, ਸ਼੍ਰੋਮਣੀ ਕਮੇਟੀ ਮੈਂਬਰ ਬਲਦੇਵ ਸਿੰਘ ਚੂੰਘਾਂ, ਬੋਲੀਕਾਰ ਰਘਵੀਰ ਸਿੰਘ ਗਿੱਲ ਕੱਟੂ ਅਤੇ ਪੰਜਾਬੀ ਹਾਕਮ ਸਿੰਘ ਰੂੜੇਕੇ ਵੀ ਹਾਜ਼ਰ ਸਨ।

# ਭੈਣਾਂ ਅਤੇ ਧੀਆਂ ਦਾ ਨਿਰਾਦਰ ਬਰਦਾਸ਼ਤ ਨਹੀਂ ਕਰਾਂਗੇ : ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ



ਬਰਨਾਲਾ, 22 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ) : ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਬਰਨਾਲਾ ਨੇ ਕਾਰਪੋਰੇਟ ਜਗਤ ਵਿੱਚ ਹੋ ਰਹੇ ਲਵ ਜੇਹਾਦ ਅਤੇ ਧਰਮ ਪਰਿਵਰਤਨ ਦੇ ਕੁਕਰਮਾਂ ਵਿਰੁੱਧ ਇੱਕ ਵਿਸ਼ਾਲ ਵਿਰੋਧ ਪ੍ਰਦਰਸ਼ਨ ਕੀਤਾ। ਬਰਨਾਲਾ ਵਿੱਚ ਵਿਰੋਧ ਪ੍ਰਦਰਸ਼ਨ ਨੂੰ ਸੰਬੋਧਨ ਕਰਦੇ ਹੋਏ, ਵਿਭਾਗ ਮੰਤਰੀ ਨੀਲਮਣੀ ਸਮਾਧੀਆ ਨੇ ਬਹੁਤ ਦ੍ਰਿੜ ਅਤੇ ਫੈਸਲਾਕੁੰਨ ਰੁਖ਼ ਅਪਣਾਉਂਦਿਆਂ ਕਿਹਾ, 'ਜੋ ਵੀ ਹਿੰਦੂ ਹਿੱਤਾਂ ਦੀ ਗੱਲ ਕਰੇਗਾ ਉਹ ਦੁਬਾਰਾ ਰਾਜ ਕਰੇਗਾ! ਲਵ ਜੇਹਾਦ, ਜ਼ਮੀਨ ਜੇਹਾਦ ਅਤੇ ਥੁੱਕਣ ਵਾਲੇ ਜੇਹਾਦ ਤੋਂ ਬਾਅਦ, ਕਾਰਪੋਰੇਟ ਜੇਹਾਦ ਦਾ ਇੱਕ ਨਵਾਂ ਰੂਪ ਆ ਗਿਆ ਹੈ।' ਜ਼ਿਲ੍ਹਾ ਕੋਆਰਡੀਨੇਟਰ ਰਾਹੁਲ ਬਾਲੀ ਨੇ ਹਿੰਦੂ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਿੱਖਿਅਤ ਕਰਨ। ਆਚਾਰੀਆ ਸ਼੍ਰੀ ਨਿਵਾਸ ਜੀ ਨੇ ਕਿਹਾ, ÷ਮੈਂ ਸਾਰੇ ਹਿੰਦੂ ਮੰਦਰਾਂ, ਆਰੀਆ ਸਮਾਜ ਅਤੇ ਜੈਨ ਭਾਈਚਾਰਿਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਜਿਹਾਦੀਆਂ ਲਈ ਕਾਫਿਰ ਹਾਂ। ਸਾਨੂੰ ਜਾਤਾਂ ਵਜੋਂ ਨਹੀਂ ਦੇਖਿਆ ਜਾਂਦਾ। ਦੁਰਗਾ ਵਾਹਿਨੀ ਦੇ ਵਿਭਾਗ ਕੋਆਰਡੀਨੇਟਰ ਤਮੰਨਾ ਨੇ ਟੀਸੀਐਸ, ਲੈਂਸਕਾਰਟ ਅਤੇ ਮਹਿੰਦਰਾ ਵਰਗੀਆਂ ਵੱਡੀਆਂ ਕਾਰਪੋਰੇਟ ਸੰਸਥਾਵਾਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਆਪਣੇ ਆਪ ਨੂੰ ਸੁਧਾਰੋ। ਜ਼ਿਲ੍ਹਾ ਮੰਤਰੀ ਪ੍ਰੇਮ ਕੁਮਾਰ ਨੇ ਕਿਹਾ ਕਿ ਦੇਸ਼ ਵਿੱਚ ਵਧਦੀਆਂ ਘਟਨਾਵਾਂ ਹੁਣ ਚਿਤਾਵਨੀ ਨਹੀਂ ਹਨ, ਸਗੋਂ ਇੱਕ ਗੰਭੀਰ ਸੰਕਟ ਦੀ ਨਿਸ਼ਾਨੀ ਹਨ। ਜ਼ਿਲ੍ਹਾ ਪ੍ਰਧਾਨ ਯਸ਼ਪਾਲ ਸ਼ਰਮਾ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਦੋਹਰੇ ਮਾਪਦੰਡ ਹੁਣ ਸਵੀਕਾਰਯੋਗ ਨਹੀਂ ਹਨ। ਇਸ ਰੋਸ ਮਾਰਚ ਵਿੱਚ ਜ਼ਿਲ੍ਹਾ ਸਹਿ ਮੰਤਰੀ ਤੇਜਿੰਦਰ ਪਿੰਟਾ, ਜ਼ਿਲ੍ਹਾ ਮੀਤ ਪ੍ਰਧਾਨ ਰਾਜੇਸ਼ ਚੀਮਾ, ਜ਼ਿਲ੍ਹਾ ਮੀਤ ਪ੍ਰਧਾਨ ਸ਼ਿਆਮ ਸੁੰਦਰ ਗੁਪਤਾ, ਜ਼ਿਲ੍ਹਾ ਖਜਾਨਚੀ ਦੀਪਕ , ਜ਼ਿਲ੍ਹਾ ਸੰਗਠਨ ਪ੍ਰਧਾਨ ਕਾਕਾ ਕੁਮਾਰ, ਸਤੀਸ਼ ਕੁਮਾਰ, ਸਾਗਰ ਜੂਸ ਵਾਲੇ, ਹਿਤੇਸ਼ ਵਾਤਿਸ਼, ਪ੍ਰਦੀਪ, ਵੈਭਵ ਦੂਬੇ, ਵਿਮਲ ਕੁਮਾਰ, ਰਾਸ਼ਟਰੀ ਸਵੈਮ ਸੇਵਕ ਸੰਘ (ਐਲ.ਆਰ.) ਜ਼ਿਲ੍ਹਾ ਇੰਚਾਰਜ ਸੋਨੂੰ ਲਾਡਵਾ, ਸਿਟੀ ਇੰਚਾਰਜ ਰਮਨ, ਨਰਿੰਦਰ ਕੁਮਾਰ , ਅਸ਼ਵਨੀ ਕੁਮਾਰ , ਦਰਸ਼ਨ ਕੁਮਾਰ, ਰਾਜਿੰਦਰ ਉੱਪਲ, ਸੰਦੀਪ ਜੇਠੀ ਆਦਿ ਕਾਰਕੁੰਨ ਹਾਜ਼ਰ ਸਨ। ਇਸ ਮੌਕੇ ਦੁਰਗਾ ਵਾਹਿਨੀ ਦੀਆਂ ਭੈਣਾਂ ਰੇਸ਼ਮਾ ਬਹਿਨ , ਸ੍ਰਿਸ਼ਟੀ , ਜ਼ਿਲ੍ਹਾ ਕੋਆਰਡੀਨੇਟਰ ਆਰਹੀਰਤੀ , ਜ਼ਿਲ੍ਹਾ ਕੋਆਰਡੀਨੇਟਰ ਰਿਤਿਕਾ, ਸਵਾਮੀ ਸਹਿਜ ਪ੍ਰਕਾਸ਼ ਮੌੜਾਂ ਵਾਲੀ ਕੁਟੀਆ, ਸੂਰਿਆਕਾਂਤ ਸ਼ਾਸਤਰੀ, ਅਤੇ ਹੋਰ ਬਹੁਤ ਸਾਰੇ ਕਾਰਕੁੰਨ ਹਾਜ਼ਰ ਸਨ।

# ਐਸ.ਬੀ.ਐਸ. ਸਕੂਲ ਵਿਖੇ ਧਰਤੀ ਦਿਵਸ ਮਨਾਇਆ



ਬਰਨਾਲਾ, 22 ਅਪ੍ਰੈਲ ( ਬਘੇਲ ਸਿੰਘ ਧਾਲੀਵਾਲ): ਧਰਤੀ ਸੌਰ ਮੰਡਲ ਦਾ ਇਕਲੌਤਾ ਅਜਿਹਾ ਗ੍ਰਹਿ ਹੈ, ਜਿੱਥੇ ਜੀਵਨ ਸੰਭਵ ਹੈ। ਸਮੁੱਚੀ ਲੋਕਾਈ ਦੀ ਪਾਲਣਹਾਰ ਇਹ ਧਰਤੀ ਹੀ ਹੈ। ਇਸ ਦੇ ਸਨਮਾਨ ਵਿੱਚ ਅੱਜ ਐਸ ਬੀ ਐਸ ਪਬਲਿਕ ਸਕੂਲ ਦੇ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਆਪਣਾ ਇੱਕ ਦਿਨ ਧਰਤੀ ਨੂੰ ਸਮਰਪਿਤ ਕੀਤਾ ਅਤੇ ਪ੍ਰਣ ਲਿਆ ਕਿ ਉਹ ਧਰਤੀ ਦੀ ਸਿਹਤ ਦੀ ਸੰਭਾਲ ਲਈ ਪੂਰੀ ਜ਼ਿੰਮੇਵਾਰੀ ਨਾਲ ਆਪਣੇ ਫਰਜ਼ ਅਦਾ ਕਰਨਗੇ। ਅਧਿਆਪਕ ਗੁਰਮੇਲ ਸਿੰਘ ਨੇ ਧਰਤੀ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਧਰਤੀ ਸਾਡੇ ਜੀਵਨ ਦਾ ਆਧਾਰ ਹੈ। ਜੇ ਅਸੀਂ ਅੱਜ ਤੋਂ ਹੀ ਧਰਤੀ ਦੀ ਸੰਭਾਲ ਨਹੀਂ ਕਰਾਂਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਭਾਰੀ ਨੁਕਸਾਨ ਝੱਲਣਾ ਪਵੇਗਾ। ਇਸ ਮੌਕੇ ਸਕੂਲ ਦੇ ਤਿੰਨ ਹਾਊਸ—ਸਨਸ਼ਾਈਨ ਹਾਊਸ, ਬਲੌਸਮ ਹਾਊਸ ਅਤੇ ਸੈਫਰਨ ਹਾਊਸ ਦੇ ਵਿਦਿਆਰਥੀਆਂ ਵੱਲੋਂ ਧਰਤੀ ਦੀ ਰੱਖਿਆ ਸੰਬੰਧੀ ਪ੍ਰੇਰਨਾਦਾਇਕ ਪ੍ਰੋਗਰਾਮ ਕੀਤਾ ਗਿਆ। ਵਿਦਿਆਰਥੀਆਂ ਨੇ ਗੀਤ, ਨਾਟਕ, ਕਵਿਤਾਵਾਂ ਅਤੇ ਕੋਰੀਓਗ੍ਰਾਫੀ ਰਾਹੀਂ ਪ੍ਰਕਿਰਤੀ ਦੀ ਸੁੰਦਰਤਾ ਅਤੇ ਉਸਦੀ ਰੱਖਿਆ ਦੀ ਲੋੜ ਨੂੰ ਦਰਸਾਇਆ। ਉਨ੍ਹਾਂ ਨੇ ਵੱਖ-ਵੱਖ ਨਾਅਰਿਆਂ ਰਾਹੀਂ ਸੰਦੇਸ਼ ਦਿੱਤਾ ਕਿ ਪਲਾਸਟਿਕ ਦਾ ਉਪਯੋਗ ਬੰਦ ਕਰੋ, ਹਰ ਇਕ ਵਿਅਕਤੀ ਇੱਕ ਰੁੱਖ ਲਗਾਏ, ਕੂੜਾ ਕਚਰਾ ਸਹੀ ਥਾਂ ਤੇ ਸੁੱਟੋ ਅਤੇ ਧਰਤੀ ਨੂੰ ਸਾਫ਼ ਅਤੇ ਹਰਾ-ਭਰਾ ਬਣਾਓ। ਸਾਰੇ ਵਿਦਿਆਰਥੀਆਂ ਨੇ ਧਰਤੀ ਦੀ ਸੰਭਾਲ ਅਤੇ ਉਸ ਨੂੰ ਹਰਿਆ-ਭਰਿਆ ਬਣਾਈ ਰੱਖਣ ਦਾ ਪ੍ਰਣ ਕੀਤਾ। ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਅੱਜ ਦੇ ਯੁੱਗ ਵਿੱਚ ਪ੍ਰਦੂਸ਼ਣ ਅਤੇ ਜੰਗਲਾਂ ਦੀ ਕਟਾਈ ਵੱਡੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੀਆਂ ਰੋਜ਼ਾਨਾ ਵਿੱਚ ਛੋਟੀਆਂ-ਛੋਟੀਆਂ ਆਦਤਾਂ ਜਿਵੇਂ ਕਿ ਪਾਣੀ ਦੀ ਬਚਤ, ਬਿਜਲੀ ਦੀ ਸਹੀ ਵਰਤੋਂ ਅਤੇ ਪਲਾਸਟਿਕ ਤੋਂ ਦੂਰ ਰਹਿਣ ਨੂੰ ਅਪਨਾਉਣ। ਇਸ ਦੇ ਨਾਲ ਹੀ ਸਕੂਲ ਦੀ ਪ੍ਰਿੰਸੀਪਲ ਮੈਡਮ ਕਮਲਜੀਤ ਕੌਰ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਧਰਤੀ ਸਾਡੀ ਮਾਂ ਵਰਗੀ ਹੈ ਅਤੇ ਇਸਦੀ ਸੁਰੱਖਿਆ ਕਰਨਾ ਸਾਡੀ ਨੈਤਿਕ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਕਿਹਾ ਕਿ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ ਵਿੱਚ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਵੀ ਜ਼ਰੂਰੀ ਹੈ। ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਆਪਣੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਣ ਵਿੱਚ ਯੋਗਦਾਨ ਪਾਉਣ।

# ਬ੍ਰਿਲੀਐਂਟ ਸਕੂਲ ਪੱਖੋ ਕਲਾਂ ਵਿੱਚ ਧਰਤੀ ਦਿਵਸ ਮਨਾਇਆ




ਬਰਨਾਲਾ, 22 ਅਪ੍ਰੈਲ (ਹਮੀਰ ਸਿੰਘ) : ਪੱਖੋ ਕਲਾਂ ਵਿਖੇ ਸੰਤ ਬਾਬਾ ਲੋਗਪੁਰੀ ਅਤੇ ਐਮ.ਡੀ. ਮੈਡਮ ਕਰਮਜੀਤ ਕੌਰ ਦੇਵਾ ਜੀ ਦੀ ਅਗਵਾਈ ਹੇਠ ਚੱਲ ਰਹੇ ਬ੍ਰਿਲੀਐਂਟ ਸਕੂਲ ਵਿੱਚ ਧਰਤੀ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ, ਜੋ ਪੜ੍ਹਾਈ ਦੇ ਨਾਲ-ਨਾਲ ਪਾਠ ਸਹਾਇਕ ਗਤੀਵਿਧੀਆਂ ਵਿੱਚ ਵੀ ਅੱਗੇ ਰਹਿੰਦਾ ਹੈ, ਵੱਲੋਂ ਇਸ ਮੌਕੇ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ। ਅਸੈਂਬਲੀ ਦੌਰਾਨ ਵਿਦਿਆਰਥੀਆਂ ਨੇ ਭਾਸ਼ਣਾਂ ਰਾਹੀਂ ਜਾਣਕਾਰੀ ਦਿੱਤੀ ਕਿ ਹਰ ਸਾਲ 22 ਅਪ੍ਰੈਲ ਨੂੰ ਵਿਸ਼ਵ ਧਰਤੀ ਦਿਵਸ ਮਨਾਇਆ ਜਾਂਦਾ ਹੈ, ਜਿਸ ਦਾ ਮੁੱਖ ਉਦੇਸ਼ ਵਾਤਾਵਰਣ ਦੀ ਸੰਭਾਲ ਅਤੇ ਜਲਵਾਯੂ ਤਬਦੀਲੀ ਦੇ ਖਤਰਨਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਹੈ। ਇਸ ਮੌਕੇ ਪ੍ਰਾਇਮਰੀ ਅਤੇ ਸੈਕੰਡਰੀ ਵਿੰਗ ਦੇ ਬੱਚਿਆਂ ਵੱਲੋਂ ਸੂਰਜੀ ਅਤੇ ਪਵਨ ਊਰਜਾ ਨਾਲ ਸੰਬੰਧਿਤ ਸੁੰਦਰ ਚਾਰਟ ਤਿਆਰ ਕਰਕੇ ਆਪਣੀ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ ਗਿਆ। ਸਕੂਲ ਦੀ ਪ੍ਰਿੰਸੀਪਲ ਸੁਮਨ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਧਰਤੀ ਸਾਡਾ ਘਰ ਹੈ ਅਤੇ ਇਸ ਦੀ ਸੰਭਾਲ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਗਲੋਬਲ ਵਾਰਮਿੰਗ ਵਰਗੀਆਂ ਗੰਭੀਰ ਸਮੱਸਿਆਵਾਂ ਨੂੰ ਕਾਬੂ ਵਿੱਚ ਲਿਆਉਣ ਲਈ ਸਾਂਝੇ ਯਤਨਾਂ ਦੀ ਲੋੜ ਉੱਤੇ ਜ਼ੋਰ ਦਿੱਤਾ। ਇਸ ਦੇ ਨਾਲ ਹੀ ਕੋਆਰਡੀਨੇਟਰ ਨਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਪ੍ਰਦੂਸ਼ਨ ਤੋਂ ਬਚਣ ਅਤੇ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਦੀ ਅਪੀਲ ਕੀਤੀ। ਇਸ ਸਮਾਗਮ ਨੇ ਵਿਦਿਆਰਥੀਆਂ ਵਿੱਚ ਪ੍ਰਕਿਰਤੀ ਪ੍ਰਤੀ ਜਾਗਰੂਕਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ।

# ਬਸਪਾ ਦੇ ਸੂਬਾ ਜਨਰਲ ਸਕੱਤਰ ਚਮਕੌਰ ਸਿੰਘ ਦਾ ਦੇਹਾਂਤ

## ਪਾਰਟੀ ਅਤੇ ਪਰਿਵਾਰ ਲਈ ਵੱਡਾ ਘਾਟਾ : ਅਮਨ ਬੌਧ ਖਨੌਰੀ

ਖਨੌਰੀ, 22 ਅਪ੍ਰੈਲ (ਓਮਪ੍ਰਕਾਸ਼ ਮੁਆਲ) : ਬੀਤੇ ਦਿਨੀਂ ਬਸਪਾ ਦੇ ਸੂਬਾ ਜਨਰਲ ਸਕੱਤਰ ਅਤੇ ਸਾਬਕਾ ਪੀ. ਸੀ. ਐਸ ਆਫਿਸਰ ਸਰਦਾਰ ਚਮਕੌਰ ਸਿੰਘ ਵੀਰ ਜੀ ਦੀ ਅਚਾਨਕ ਮੌਤ ਹੋ ਗਈ । ਇਸ ਸੰਬੰਧੀ ਅਫ਼ਸੋਸ ਪ੍ਰਗਟ ਕਰਦਿਆਂ ਲੋਕ ਸਭਾ ਸੰਗਰੂਰ ਦੇ ਇੰਚਾਰਜ ਇੰਜੀ. ਅਮਨ ਬੋਧ ਖਨੌਰੀ ਨੇ ਦੱਸਿਆ ਕਿ ਵੀਰ ਸਾਹਿਬ ਨੂੰ ਥੋੜੀ ਹਾਰਟ ਦੀ ਸਮੱਸਿਆ ਸੀ , ਜਿਸ ਸਦਕਾ ਤਕਲੀਫ਼ ਹੋਣ 'ਤੇ ਪਟਿਆਲਾ ਦੇ ਨਿਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ ਡਾਕਟਰਾਂ ਦੀ ਪੂਰੀ ਕੋਸ਼ਿਸ਼ ਦੇ ਬਾਵਜੂਦ ਵੀ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਉਨ੍ਹਾਂ ਦੇ ਜਾਣ ਨਾਲ ਜਿੱਥੇ ਬਸਪਾ ਪਾਰਟੀ ਨੂੰ ਭਾਰੀ ਘਾਟਾ ਪਿਆ ਉਥੇ ਪਰਿਵਾਰਕ ਮੈਂਬਰਾਂ ਲਈ ਵੀ ਉਨ੍ਹਾਂ ਨੂੰ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਅਤੇ ਸੰਗਠਨ ਲਈ ਪਿਛਲੇ ਪੰਜਾਹ ਸਾਲਾਂ ਤੋਂ ਦਿਨ ਰਾਤ ਇਕ ਕਰਕੇ ਕੰਮ ਕਰਨ ਵਾਲੇ ਸਾਡੇ ਮਹਿਬੂਬ ਨੇਤਾ ਸਾਡੇ ਵਿੱਚੋਂ ਚਲੇ ਗਏ ਹਨ। ਉਨ੍ਹਾਂ ਦੱਸਿਆ ਕੇ ਵੀਰ ਸਾਹਿਬ ਦਾ ਜਾਣਾ ਪਾਰਟੀ ਲਈ ਕਦੇ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਹੈ। ਉਨ੍ਹਾਂ ਦੱਸਿਆ ਕਿ ਸਾਰੇ ਆਗੂਆਂ, ਵਰਕਰਾਂ ਨੇ ਵੀਰ ਸਾਹਿਬ ਦੇ ਚਲੇ ਜਾਣ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਇਸ ਮੌਕੇ ਹਲਕਾ ਲਹਿਰਾ ਦੇ ਪ੍ਰਧਾਨ ਡਾ. ਰਾਜਕੁਮਾਰ, ਜਨਰਲ ਸਕੱਤਰ ਵਿਕਰਮ ਗੁਲਾੜੀ, ਸੰਭੂ ਰੰਗਾ, ਸਕੱਤਰ ਹਰਵਿਲਾਸ ਅਜਾਦ , ਸੀਨੀਅਰ ਨੇਤਾ ਹਰਦੀਪ ਨੰਬਰਦਾਰ ਰਾਮ ਪੂਰਾ, ਅਮਰੀਕ ਮੰਡਵੀ, ਜੇਠੂ ਮੰਡਵੀ ,ਸਾਬਕਾ ਪ੍ਰਧਾਨ ਸੁਰਿੰਦਰ ਸੰਗਰੋਲੀ, ਸਾਬਕਾ ਪ੍ਰਧਾਨ ਭੂਰਾ ਲਹਿਲ , ਬਾਲੀ ਸਿੰਘ, ਸਾਬਕਾ ਪ੍ਰਧਾਨ ਰਾਮਦਾਸ ਭੁਕਲ , ਸ਼ਹਿਰੀ ਪ੍ਰਧਾਨ ਗੁਲਾਬ ਛਾਬੀਆ, ਮੀਤ ਪ੍ਰਧਾਨ ਸੋਨੂੰ ਰਾਣਾ , ਦਿਹਾਤੀ ਪ੍ਰਧਾਨ ਰਾਜਵੀਰ , ਜਸਵੰਤ , ਰਾਜੇਸ਼ , ਕਾਲਾ ਨੰਬਰਦਾਰ, ਡਾਕਟਰ ਓਮ ਪ੍ਰਕਾਸ਼ ਠਸਕਾ , ਰਾਮ ਰੂਪ ਸਿੰਘ ਠਸਕਾ, ਕ੍ਰਿਸ਼ਨ ਜੱਸਲ ਬੌਪੁਰ ,ਕਰਮਚੰਦ ਫੌਜੀ ਠਸਕਾ ਆਦਿ ਹੋਰ ਆਗੂਆਂ ਨੇ ਦੁੱਖ ਪ੍ਰਗਟ ਕੀਤਾ ਹੈ।

# ਪ੍ਰਭ ਆਸਰਾ ਵਿੱਚ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ 24 ਅਤੇ 25 ਅਪ੍ਰੈਲ ਨੂੰ

**ਮਾਜਰੀ/ਕੁਰਾਲੀ, 22 ਅਪ੍ਰੈਲ (ਰਜਨੀਕਾਂਤ ਗਰੋਵਰ ):** ਪਿੰਡ ਪਡਿਆਲਾ ਵਿਖੇ ਸਥਿਤ ਪ੍ਰਭ ਆਸਰਾ ਸੰਸਥਾ ਵਿੱਚ ਵਰਲਡ ਕੈਂਸਰ ਕੇਅਰ ਵੱਲੋਂ 24 ਅਤੇ 25 ਅਪ੍ਰੈਲ ਨੂੰ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਬੰਧਕ ਭਾਈ ਸ਼ਮਸ਼ੇਰ ਸਿੰਘ ਅਤੇ ਰਜਿੰਦਰ ਕੌਰ ਪਡਿਆਲਾ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਮਹਿਲਾਵਾਂ ਅਤੇ ਪੁਰਸ਼ਾਂ ਲਈ ਕੈਂਸਰ ਸਕ੍ਰੀਨਿੰਗ ਕੀਤੀ ਜਾਵੇਗੀ। ਮਹਿਲਾਵਾਂ ਲਈ ਬ੍ਰੈਸਟ ਅਤੇ ਸਰਵਾਈਕਲ ਕੈਂਸਰ ਸਕ੍ਰੀਨਿੰਗ, ਪੁਰਸ਼ਾਂ ਵਿੱਚ ਗ੍ਰੰਥੀਆਂ ਦੀ ਜਾਂਚ ਲਈ ਪੀ.ਐਸ.ਏ. ਟੈਸਟ, ਮੂੰਹ ਅਤੇ ਗਲੇ ਦੀ ਜਾਂਚ, ਹੱਡੀਆਂ ਦੀ ਜਾਂਚ ਟੈਸਟ ਅਤੇ ਬਲੱਡ ਕੈਂਸਰ ਦੀ ਜਾਂਚ ਦੇ ਇਲਾਵਾ ਅੱਖਾਂ ਦੀ ਜਾਂਚ ਵੀ ਕੀਤੀ ਜਾਵੇਗੀ ਅਤੇ ਲੋੜਵੰਦਾਂ ਨੂੰ ਮੁਫ਼ਤ ਚਸ਼ਮੇ ਵੀ ਵੰਡੇ ਜਾਣਗੇ। ਇਸ ਮੌਕੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਕੈਂਪ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਜਾਗਰੂਕਤਾ ਅਤੇ ਕਾਊਂਸਲਿੰਗ ਵੀ ਪ੍ਰਦਾਨ ਕੀਤੀ ਜਾਵੇਗੀ। ਭਾਈ ਸ਼ਮਸ਼ੇਰ ਸਿੰਘ ਅਤੇ ਰਜਿੰਦਰ ਕੌਰ ਪਡਿਆਲਾ ਨੇ ਸ਼ਹਿਰ ਅਤੇ ਇਲਾਕਾ ਵਾਸੀਆਂ ਨੂੰ ਇਸ ਕੈਂਪ ਵਿੱਚ ਪਹੁੰਚ ਕੇ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ ਹੈ।




# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖੇ ਭਗਤ ਧੰਨਾ ਜੀ ਦੇ ਜਨਮ-ਦਿਹਾੜੇ 'ਤੇ ਕਥਾ ਅਤੇ ਕੀਰਤਨ ਸਮਾਗਮ

ਲੁਧਿਆਣਾ, 22 ਅਪ੍ਰੈਲ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖੇ ਭਗਤ ਧੰਨਾ ਜੀ ਦੇ ਜਨਮ-ਦਿਹਾੜੇ 'ਤੇ ਕਥਾ ਅਤੇ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਬੜੀ ਸ਼ਰਧਾ ਪੂਰਵਕ ਕਰਵਾਏ ਗਏ , ਜਿਨ੍ਹਾਂ ਵਿੱਚ ਸਵੇਰੇ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ। ਰੋਜ਼ਾਨਾ ਦੀ ਤਰ੍ਹਾਂ ਪਹਿਲਾਂ ਨਿੱਤਨੇਮ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕਰਵਾਏ ਗਏ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ। ਗਿਆਨੀ ਗੁਰਪ੍ਰੀਤ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨਾਲ ਗੁਰਬਾਣੀ ਅਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ ਗਈ ਅਤੇ ਭਗਤ ਧੰਨਾ ਜੀ ਦੇ ਜਨਮ-ਦਿਹਾੜੇ ਅਤੇ ਉਨ੍ਹਾਂ ਦੇ ਜੀਵਨ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਸ਼ਾਮ ਦੇ ਪ੍ਰੋਗਰਾਮ ਵਿੱਚ ਗਿਆਨੀ ਸੰਦੀਪ ਸਿੰਘ ਜਵੱਦੀ ਟਕਸਾਲ ਵਾਲਿਆਂ ਨੇ ਸੰਗਤਾਂ ਨਾਲ ਸੂਰਜ ਪ੍ਰਕਾਸ਼ ਦੀ ਕਥਾ ਦੀ ਵਿਆਖਿਆ ਕੀਤੀ। ਸੋਦਰ ਰਹਿਰਾਸ ਦੀ ਚੌਂਕੀ ਤੋਂ ਬਾਅਦ ਬੀਬੀ ਦਿਲਪ੍ਰੀਤ ਕੌਰ ਪਟਿਆਲੇ ਵਾਲਿਆਂ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਇਲਾਹੀ ਬਾਣੀ ਦਾ ਰਸ-ਭਿੰਨਾ ਕੀਰਤਨ ਸ੍ਰਵਣ ਕਰਵਾਇਆ। ਭਾਰੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਹਾਜ਼ਰੀਆਂ ਭਰ ਕੇ ਕਥਾ ਅਤੇ ਕੀਰਤਨ ਦਾ ਅਨੰਦ ਮਾਣਿਆ ਅਤੇ ਆਪਣਾ ਜੀਵਨ ਸਫਲਾ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਕੰਵਲਜੀਤ ਸਿੰਘ ਅਤੇ ਵਰਿੰਦਰਮੋਹਨ ਸਿੰਘ ਜੀ ਨੇ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਨਾਲ ਬੀਬੀ ਦਿਲਪ੍ਰੀਤ ਕੌਰ ਪਟਿਆਲੇ ਵਾਲਿਆਂ ਦੇ ਕੀਰਤਨੀ ਜੱਥੇ ਨੂੰ ਸਨਮਾਨਿਤ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਸਮੇਂ ਸਿਰ ਗੁਰੂ ਘਰ ਆ ਕੇ ਕਥਾ ਅਤੇ ਕੀਰਤਨ ਦਾ ਅਨੰਦ ਮਾਣਿਆ ਕਰਨ ਅਤੇ ਆਪਣਾ ਜੀਵਨ ਸਫਲਾ ਕਰਨ। ਸੰਗਤਾਂ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਜਗਮੋਹਨ ਸਿੰਘ, ਸਰਬਜੀਤ ਸਿੰਘ ਚਗਰ, ਮਲਕੀਤ ਸਿੰਘ, ਯਸ਼ਪਾਲ ਸਿੰਘ, ਗੁਰਦੀਪ ਸਿੰਘ ਕਾਲੜਾ, ਰਜਿੰਦਰ ਸਿੰਘ ਭਾਟੀਆ, ਸੁਖਵਿੰਦਰਪਾਲ ਸਿੰਘ, ਚਰਨਜੀਤ ਸਿੰਘ ਪਾਇਲ, ਮਨਜੀਤ ਸਿੰਘ ਪਾਇਲ, ਗੁਰਚਰਨ ਸਿੰਘ, ਹਰਨੇਕ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਡਾਕਟਰ ਪ੍ਰੇਮ ਸਿੰਘ ਚਾਵਲਾ, ਤਰਲੋਕ ਸਿੰਘ ਸਚਦੇਵਾ, ਜਗਜੀਵਨ ਸਿੰਘ ਸੋਹਨਪਾਲ, ਵਰਿੰਦਰ ਮੋਹਨ ਸਿੰਘ, ਜਗਜੀਤ ਸਿੰਘ, ਤਰਲੋਕ ਸਿੰਘ, ਮਨਿੰਦਰ ਸਿੰਘ ਹਾਜ਼ਰ ਸਨ।



# ਸਾਈਬਰ ਠੱਗਾਂ ਨੇ ਰਾਜਪੁਰਾ ਸ਼ਹਿਰ ਦੇ ਦੋ ਨਾਮੀ ਵਿਅਕਤੀਆਂ ਦਾ ਮੋਬਾਇਲ ਫੋਨ ਹੈਕ ਕਰਕੇ ਕੀਤੀ ਪੈਸਿਆਂ ਦੀ ਮੰਗ

ਰਾਜਪੁਰਾ, 22 ਅਪ੍ਰੈਲ (ਸੰਜੀਵ ਕੁਮਾਰ) : ਸਾਈਬਰ ਠੱਗਾਂ ਵੱਲੋਂ ਰੋਜ਼ਾਨਾ ਮੋਬਾਈਲ ਫੋਨ ਕਾਲ ਅਤੇ ਮੋਬਾਇਲ ਫੋਨ ਹੈਕ ਕਰਕੇ ਭੋਲੇ ਭਾਲੇ ਲੋਕਾਂ ਨੂੰ ਠੱਗਣ ਦੀਆਂ ਚਲਾਈਆਂ ਜਾ ਰਹੀਆਂ ਵੱਖ-ਵੱਖ ਕੋਸ਼ਿਸ਼ਾਂ ਦੇ ਚਲਦਿਆਂ ਰਾਜਪੁਰਾ ਸ਼ਹਿਰ ਦੇ ਦੋ ਨਾਮੀ ਵਿਅਕਤੀਆਂ ਦੇ ਵਟਸਐਪ ਹੈਕ ਕਰਕੇ ਉਹਨਾਂ ਦੇ ਰਿਸ਼ਤੇਦਾਰਾਂ ਪਾਸੋਂ ਪੈਸਿਆਂ ਦੀ ਮੰਗ ਕਰਨ ਦੀ ਗੱਲ ਸਾਹਮਣੇ ਆਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਕੌਂਸਲਰ ਜਸਵੀਰ ਸਿੰਘ ਜੱਸੀ ਨੇ ਦੱਸਿਆ ਕਿ ਬੀਤੇ ਦਿਨੀਂ ਕੁਝ ਸਾਈਬਰ ਠੱਗਾਂ ਨੇ ਉਸ ਦਾ ਮੋਬਾਇਲ ਫੋਨ ਦਾ ਵਟਸਐਪ ਹੈਕ ਕਰ ਲਿਆ। ਜਿਸ ਤੋਂ ਬਾਅਦ ਉਹਨਾਂ ਸਾਈਬਰ ਠੱਗਾਂ ਨੇ ਮੇਰੇ ਮੋਬਾਇਲ ਦੇ ਵਿੱਚ ਜਿੰਨੇ ਵੀ ਮੇਰੇ ਰਿਸ਼ਤੇਦਾਰ, ਸਕੇ ਸਬੰਧੀ ਅਤੇ ਦੋਸਤ ਮਿੱਤਰ ਸਨ ਦੇ ਮੋਬਾਇਲ ਫੋਨ ਉੱਤੇ ਕਰੀਬ 25 ਹਜਾਰ ਰੁਪਏ ਦੀ ਪੈਸਿਆਂ ਦੀ ਜ਼ਰੂਰੀ ਮੰਗ ਕਰਦਿਆਂ ਹੋਇਆਂ ਪੈਸੇ ਕੁਝ ਘੰਟਿਆਂ ਦੇ ਵਿੱਚ ਵਾਪਸ ਲੁਟਾਉਣ ਦੀ ਗੱਲ ਆ ਕੇ ਮੈਸੇਜ ਭੇਜਿਆ ਗਿਆ, ਜਿਸ ਤੋਂ ਬਾਅਦ ਜਦੋਂ ਰਿਸ਼ਤੇਦਾਰ ਅਤੇ ਦੋਸਤਾਂ ਮਿੱਤਰਾਂ ਵੱਲੋਂ ਮੇਰੇ ਮੋਬਾਇਲ ਨੰਬਰ ਉੱਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੋਬਾਇਲ ਫੋਨ ਹੈਂਕ ਕੀਤਾ ਜਾਣ ਕਰਕੇ ਫੋਨ ਨੰਬਰ ਨਹੀਂ ਮਿਲਿਆ, ਜਦੋਂ ਇਸ ਸਬੰਧੀ ਮੈਨੂੰ ਪਤਾ ਲੱਗਿਆ ਤਾਂ ਮੇਰੇ ਵੱਲੋਂ ਤੁਰੰਤ ਥਾਣਾ ਸਿਟੀ ਪੁਲਿਸ ਰਾਜਪੁਰਾ ਅਤੇ ਸਾਈਬਰ ਸੈਲ ਪਟਿਆਲਾ ਨੂੰ ਸੂਚਿਤ ਕੀਤਾ ਗਿਆ। ਜਿਸ ਤੋਂ ਬਾਅਦ ਮੇਰਾ ਫੋਨ ਹੈਕਰਾਂ ਦੇ ਕਬਜ਼ੇ ਵਿੱਚੋਂ ਬਾਹਰ ਆਇਆ। ਅਕਾਲੀ ਆਗੂ ਜਸਵੀਰ ਸਿੰਘ ਜੱਸੀ ਨੇ ਦੱਸਿਆ ਕਿ ਜੇਕਰ ਮੇਰੇ ਹੈਕ ਕੀਤੇ ਗਏ ਮੋਬਾਇਲ ਫੋਨ ਦੇ ਰਾਹੀ ਜੇਕਰ ਕਿਸੇ ਰਿਸ਼ਤੇਦਾਰ ਜਾਂ ਦੋਸਤ ਦੇ ਨਾਲ ਪੈਸਿਆਂ ਦੀ ਠੱਗੀ ਹੋਈ ਹੈ, ਤਾਂ ਤੁਰੰਤ ਸਬੰਧਤ ਬੈਂਕ ਦੇ ਮੈਨੇਜਰ ਦੇ ਨਾਲ ਤਾਲਮੇਲ ਕੀਤਾ ਜਾਵੇ। ਜੇਕਰ ਸਬੰਧਤ ਵਿਅਕਤੀਆਂ ਦੇ ਨਾਲ ਉਹਨਾਂ ਨੂੰ ਜਾਣ ਦੀ ਲੋੜ ਪਈ ਤਾਂ ਉਹ ਨਾਲ ਜਾਣਗੇ। ਇਸ ਤੋਂ ਇਲਾਵਾ ਰਾਜਪੁਰਾ ਟਾਊਨ ਦੀ ਪੁਰਾਣੀ ਅਨਾਜ ਮੰਡੀ ਦੇ ਵਿੱਚ ਸਥਿਤ ਚੈਨਸਨ ਹੋਟਲ ਦੇ ਮਾਲਕ ਦਿਲਬਾਗ ਸਿੰਘ ਨੀਟੂ ਦਾ ਮੋਬਾਇਲ ਫੋਨ ਵੀ ਬੀਤੇ ਦਿਨੀਂ ਹੈਕਰਾਂ ਵੱਲੋਂ ਹੈਕ ਕਰ ਲਿਆ ਗਿਆ ਸੀ। ਉਹਨਾਂ ਦੇ ਮੋਬਾਇਲ ਫੋਨ ਦੇ ਵਟਸਐਪ ਰਾਹੀਂ ਸੰਬੰਧਿਤ ਮੋਬਾਇਲ ਦੇ ਵਿੱਚ ਨੋਟ ਨੰਬਰਾਂ ਦੇ ਉੱਤੇ ਪੈਸਿਆਂ ਦੀ ਮੰਗ ਸਬੰਧੀ ਮੈਸੇਜ ਕੀਤਾ ਗਿਆ। ਨੀਟੂ ਨੇ ਦੱਸਿਆ ਕਿ ਉਹਨਾਂ ਵੱਲੋਂ ਵੀ ਸਾਈਬਰ ਸੈਲ ਪਟਿਆਲਾ ਨੂੰ ਸੂਚਿਤ ਕੀਤੇ ਜਾਣ ਤੋਂ ਬਾਅਦ ਉਹਨਾਂ ਦਾ ਮੋਬਾਇਲ ਫੋਨ ਹੈਕਰਾਂ ਦੇ ਕਬਜ਼ੇ ਵਿੱਚੋਂ ਬਾਹਰ ਆਇਆ। ਜਿਸ ਤੋਂ ਬਾਅਦ ਸਬੰਧਿਤ ਵਿਅਕਤੀਆਂ ਨੇ ਸ਼ਹਿਰ ਵਾਸੀਆਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਅਣਜਾਣ ਵਿਅਕਤੀ ਦਾ ਮੋਬਾਇਲ ਫੋਨ ਨਾ ਚੁੱਕਣ, ਤਾਂ ਜੋ ਅਜਿਹੇ ਸਾਈਬਰ ਠੱਗੀ ਤੋਂ ਬਚਿਆ ਜਾ ਸਕੇ।


**ਨਗਰ ਕੌਂਸਲ, ਫਾਜ਼ਿਲਕਾ, ਸਥਾਨਕ ਸਰਕਾਰਾਂ ਵਿਭਾਗ ਪੰਜਾਬ**
**ਈ-ਟੈਂਡਰ ਸੱਦਾ ਸੂਚਨਾ**
**ਐਲਜੀ/ਈਓ/ਐਮਸੀ/ਫਾਜ਼ਿਲਕਾ/2026-27/01**

ਪ੍ਰਤੀਸ਼ਤ ਦਰ ਅਧਾਰ (ਡੀਐਨਆਈਟੀ ਰਕਮ ਤੋਂ ਵੱਧ, ਘੱਟ ਜਾਂ ਸਮਾਨ ਦਰ 'ਤੇ) 'ਤੇ ਨਿਮਨਲਿਖਤ ਕੰਮਾਂ ਦੇ ਲਈ ਸਰਕਾਰੀ ਵਿਭਾਗਾਂ ਨਾਲ ਪੰਜੀਕ੍ਰਿਤ ਠੇਕੇਦਾਰਾਂ/ਕਿਰਤ ਅਤੇ ਉਸਾਰੀ ਸਭਾਵਾਂ ਅਤੇ ਫਾਰਮ ਸਪਲਾਈਕਾਰਾਂ ਤੋਂ ਇਸ ਦੁਆਰਾ ਈ-ਟੈਂਡਰ ਮੰਗੇ ਜਾਂਦੇ ਹਨ :-

**ਮਿਤੀ ਅਤੇ ਸਮਾਂ ਸੂਚੀ :-**

| ਲੜੀ ਨੰ. | ਬੋਲੀ ਲਈ ਆਨਲਾਈਨ ਟੈਂਡਰਾਂ ਦੀ ਉਪਲਬਧਤਾ | ਬੋਲੀ ਦਸਤਾਵੇਜ਼ ਦੀ ਆਨਲਾਈਨ ਪੇਸ਼ਕਸ਼ ਦੀ ਆਖਰੀ ਮਿਤੀ | ਤਕਨੀਕੀ ਬੋਲੀ ਦਾ ਖੁੱਲ੍ਹਣਾ | ਵਿੱਤੀ ਬੋਲੀ ਦਾ ਖੁੱਲ੍ਹਣਾ |
|---|---|---|---|---|
| 1 | 20.04.2026 ਨੂੰ 11.00 ਵਜੇ ਤੋਂ | 13.05.2026 ਨੂੰ 17.00 ਵਜੇ ਤੱਕ | 14.05.2026 ਨੂੰ 11.00 ਵਜੇ | ਤਕਨੀਕੀ ਬੋਲੀ ਦੇ ਖੁੱਲ੍ਹਣ ਉਪਰੰਤ |

ਸਹੀ/- ਕਾਰਜਕਾਰੀ ਅਧਿਕਾਰੀ, ਐਮਸੀ ਫਾਜ਼ਿਲਕਾ
ਸਹੀ/- ਸਹਾਇਕ ਮਿਊਂਸਪਲ ਇੰਜੀਨੀਅਰ, ਐਮਸੀ ਫਾਜ਼ਿਲਕਾ

**RO.No.PR-Advt.No. 1493/12/2026-27/10737/Dated CHD : 22/4/2026**



**PSPCL Punjab State Power Corporation Limited**
**(Regd. Office: PSEB Head Office, The Mall, Patiala)**
**Corporate Identity Number U40109PB2010SGC033813**
**Website : www.pspcl.in Contact No. (96461-23609)**

**ਟੈਂਡਰ ਇਨਕੁਆਰੀ ਨੰ: CCM/J/T-11,12,13,14/2026-2027** **ਮਿਤੀ : 21.04.2026**

**ਦਫ਼ਤਰ :** ਵਧੀਕ ਨਿਗਰਾਨ ਇੰਜੀਨੀਅਰ ਸਿਵਲ ਉਸਾਰੀ ਤੇ ਸੰਭਾਲ ਮੰਡਲ, ਸ਼ਕਤੀ ਸਦਨ ਪੀ.ਐਸ.ਪੀ.ਸੀ.ਐਲ., ਜਲੰਧਰ ਦੇ ਦਫ਼ਤਰ ਵੱਲੋਂ ਹੁਸ਼ਿਆਰਪੁਰ ਸਰਕਲ ਅਧੀਨ ਆਉਂਦੇ 66 ਕੇ.ਵੀ. ਸਬ-ਸਟੇਸ਼ਨ ਤਲਵਾੜਾ, ਭੰਗਾਲਾ ਕੋਟ ਫਤੂਹੀ ਅਤੇ ਸੂਸ ਦੀਆਂ ਛੱਤਾਂ ਦੀ ਰਿਗ੍ਰੇਡਿੰਗ ਦਾ ਕੰਮ ਕਰਵਾਉਣ ਲਈ ਖੁੱਲ੍ਹਾ ਟੈਂਡਰ ਭਰਨ ਵਾਸਤੇ ਸੱਦਾ ਦਿੱਤਾ ਜਾ ਰਿਹਾ ਹੈ। ਇਸ ਦੀ ਵਧੇਰੀ ਜਾਣਕਾਰੀ ਵਾਸਤੇ ਮਿਤੀ 23.04.2026 ਨੂੰ 12:00 ਵਜੇ ਤੋਂ ਬਾਅਦ www.pspcl.in 'ਤੇ ਲਾਗਇਨ ਕਰੋ ਜੀ।

**ਨੋਟ : ਕੋਰੀਜ਼ੰਡਮ ਅਤੇ ਜੋੜ (ਜੇਕਰ ਕੋਈ ਹੈ), www.pspcl.in 'ਤੇ ਅਪਲੋਡ ਕੀਤਾ ਜਾਵੇਗਾ।**

**C 511 / 26**

**Ro No. PR-Advt. No.: 1079 / 12 / 2026-27 / 10755 / Dated CHD : 22.04.2026**


# ਦੁਕਾਨ ਦੇ ਬਾਹਰ ਸੌਂ ਰਹੇ ਮਾਲਕ 'ਤੇ ਹਮਲਾ ਕਰਕੇ ਚੋਰ ਲੈ ਉੱਡੇ ਮੋਟਰਾਂ ਤੇ ਬੈਟਰੀਆਂ

ਲਾਲੜੂ, 22 ਅਪ੍ਰੈਲ (ਮਨਦੀਪ ਵਰਮਾ/ਯੋਗੇਸ਼ ਰਾਣਾ) : ਲਾਲੜੂ ਇਲਾਕੇ ਵਿੱਚ ਚੋਰੀਆਂ ਦੀਆਂ ਵਾਰਦਾਤਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਤਾਜ਼ਾ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਲਾਲੜੂ ਦਸਮੇਸ਼ ਇਲੈਕਟ੍ਰਿਕਲ ਨਾਮਕ ਦੁਕਾਨ ਨੂੰ ਚੋਰਾਂ ਨੇ ਨਿਸ਼ਾਨਾ ਬਣਾਇਆ ਅਤੇ ਮਾਲਕ ਨਾਲ ਮਾਰਕੁੱਟ ਕਰਦੇ ਹੋਏ ਲੱਖਾਂ ਰੁਪਏ ਦਾ ਸਮਾਨ ਚੋਰੀ ਕਰ ਲੈ ਗਏ। ਇਸ ਘਟਨਾ ਨਾਲ ਇਲਾਕੇ ਦੇ ਵਪਾਰੀਆਂ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਦੁਕਾਨ ਦੇ ਮਾਲਕ ਬਲਬੀਰ ਸਿੰਘ ਸੈਣੀ ਰੋਜ਼ਾਨਾ ਦੀ ਤਰ੍ਹਾਂ ਆਪਣੀ ਦੁਕਾਨ ਦੇ ਬਾਹਰ ਹੀ ਸੌਂ ਰਹੇ ਸਨ। ਰਾਤ ਕਰੀਬ 12 ਵਜੇ ਦੇ ਸਮੇਂ 10 ਤੋਂ 12 ਦੇ ਕਰੀਬ ਚੋਰ ਇੱਕ ਗੱਡੀ ਵਿੱਚ ਆਏ ਅਤੇ ਉਨ੍ਹਾਂ ਨੇ ਪਹਿਲਾਂ ਮਾਲਕ ਨੂੰ ਕਾਬੂ ਕਰ ਲਿਆ। ਚੋਰਾਂ ਨੇ ਬਲਬੀਰ ਸਿੰਘ ਦੇ ਹੱਥ ਪੈਰ ਬੰਨ੍ਹ ਦਿੱਤੇ ਤਾਂ ਜੋ ਉਹ ਕੋਈ ਵਿਰੋਧ ਨਾ ਕਰ ਸਕਣ। ਇਸ ਤੋਂ ਬਾਅਦ ਚੋਰਾਂ ਨੇ ਬੇਖੌਫ ਹੋ ਕੇ ਦੁਕਾਨ ਦਾ ਸ਼ਟਰ ਤੋੜ ਦਿੱਤਾ ਅਤੇ ਅੰਦਰ ਦਾਖਲ ਹੋ ਗਏ। ਉਨ੍ਹਾਂ ਨੇ ਦੁਕਾਨ ਵਿੱਚ ਪਈਆਂ ਬਿਜਲੀ ਦੀਆਂ ਮੋਟਰਾਂ, ਬੈਟਰੀਆਂ ਅਤੇ ਹੋਰ ਕੀਮਤੀ ਸਮਾਨ ਨੂੰ ਆਪਣੀ ਗੱਡੀ ਵਿੱਚ ਭਰ ਲਿਆ। ਇਸ ਦੌਰਾਨ ਚੋਰਾਂ ਨੇ ਮਾਲਕ ਨਾਲ ਮਾਰਕੁੱਟ ਵੀ ਕੀਤੀ, ਜਿਸ ਨਾਲ ਉਹ ਜ਼ਖਮੀ ਹੋ ਗਿਆ। ਘਟਨਾ ਤੋਂ ਬਾਅਦ ਜਦੋਂ ਮਾਲਕ ਨੇ ਆਪਣੇ ਆਪ ਨੂੰ ਕਿਸੇ ਤਰ੍ਹਾਂ ਛੁਡਾਇਆ ਤਾਂ ਉਸ ਨੇ ਤੁਰੰਤ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ। ਬਲਬੀਰ ਸਿੰਘ ਸੈਣੀ ਨੇ ਦੱਸਿਆ ਕਿ ਚੋਰ ਬਹੁਤ ਹੀ ਯੋਜਨਾਬੱਧ ਢੰਗ ਨਾਲ ਆਏ ਸਨ ਅਤੇ ਉਹਨਾਂ ਨੂੰ ਪੂਰੀ ਜਾਣਕਾਰੀ ਸੀ ਕਿ ਦੁਕਾਨ ਵਿੱਚ ਕੀਮਤੀ ਸਮਾਨ ਮੌਜੂਦ ਹੈ। ਉਨ੍ਹਾਂ ਨੇ ਕਿਹਾ ਕਿ ਚੋਰਾਂ ਨੇ ਕੁਝ ਹੀ ਸਮੇਂ ਵਿੱਚ ਸਾਰਾ ਸਮਾਨ ਚੁੱਕ ਲਿਆ ਅਤੇ ਮੌਕੇ ਤੋਂ ਫਰਾਰ ਹੋ ਗਏ। ਇਸ ਘਟਨਾ ਨਾਲ ਇਲਾਕੇ ਦੇ ਹੋਰ ਦੁਕਾਨਦਾਰ ਵੀ ਡਰ ਦੇ ਸਾਏ ਹੇਠ ਆ ਗਏ ਹਨ। ਵਪਾਰੀਆਂ ਦਾ ਕਹਿਣਾ ਹੈ ਕਿ ਰਾਤ ਦੇ ਸਮੇਂ ਪੁਲਿਸ ਪੈਟਰੋਲਿੰਗ ਦੀ ਘਾਟ ਕਾਰਨ ਇਸ ਤਰ੍ਹਾਂ ਦੀਆਂ ਵਾਰਦਾਤਾਂ ਵੱਧ ਰਹੀਆਂ ਹਨ। ਉਨ੍ਹਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਲਾਕੇ ਵਿੱਚ ਸੁਰੱਖਿਆ ਵਧਾਈ ਜਾਵੇ ਅਤੇ ਰਾਤੀ ਗਸ਼ਤ ਨੂੰ ਤੇਜ਼ ਕੀਤਾ ਜਾਵੇ। ਦੂਜੇ ਪਾਸੇ, ਪੁਲਿਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਕਾਬੂ ਕਰ ਲਿਆ ਜਾਵੇਗਾ।



# ਡੀ.ਏ. ਵਾਧਾ ਉਦਯੋਗਿਕ ਕਾਮਿਆਂ ਦੇ ਉਪਭੋਗਤਾ ਮੁੱਲ ਸੂਚਕ ਅੰਕ ਦੇ ਆਧਾਰ 'ਤੇ ਤੈਅ ਕੀਤਾ ਜਾਂਦੈ : ਅੰਮ੍ਰਿਤ ਵਰਮਾ

**ਮਾਜਰੀ/ਕੁਰਾਲੀ, 22 ਅਪ੍ਰੈਲ (ਰਜਨੀਕਾਂਤ ਗਰੋਵਰ ) :**ਮਾਨਯੋਗ ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਤੇ ਰਿਟਾਇਰਡ ਸੀਨੀਅਰ ਸਿਟੀਜ਼ਨ ਪੈਨਸ਼ਨਰਜ ਨਾਲ ਹੋ ਰਹਿਆਂ ਵਧੀਕੀਆਂ,ਸੰਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਡੀ.ਏ ਕੋਈ ਭੀਖ ਜਾਂ ਖ਼ੈਰਾਤ ਨਹੀਂ ਹੈ। ਡੀ.ਏ ਵਾਧਾ ਉਦਯੋਗਿਕ ਕਾਮਿਆਂ ਦੇ ਉਪਭੋਗਤਾ ਮੁੱਲ ਸੂਚਕ ਅੰਕ ਦੇ ਆਧਾਰ ਤੇ ਤੈਅ ਕੀਤਾ ਜਾਂਦਾ ਹੈ। ਇਸ ਨੂੰ ਮਾਨਯੋਗ ਕੇਂਦਰ ਦੀ ਸਰਕਾਰ ਹਰ ਸਾਲ ਜਨਵਰੀ ਅਤੇ ਜੁਲਾਈ ਵਿੱਚ ਡੀ.ਏ ਦੀ ਸਮੀਖਿਆਂ ਕਰਦੀ ਹੈ। ਇਸ ਗੱਲ ਦਾ ਪ੍ਰਗਟਾਵਾ ਪ੍ਰੇਸ ਨਾਲ ਵਾਰਤਾਲਾਪ ਕਰਦੇ ਹੋਏ ਪੰਜਾਬ ਇੰਜੀਨੀਅਰਿੰਗ ਟੈਕਨੀਕਲ ਡਰਾਇੰਗ ਵਿੰਗ ਦੇ ਸਾਬਕਾ ਸਕੱਤਰ ਤੇ ਰਿਟਾਇਰਡ ਸੀਨੀਅਰ ਸਿਟੀਜਨ ਅੰਮ੍ਰਿਤ ਵਰਮਾ ਨੇ ਪ੍ਰੇਸ ਨੋਟ ਰਾਹੀਂ ਦੱਸਿਆ ਕਿ ਮਾਨਯੋਗ ਪੰਜਾਬ ਸਰਕਾਰ ਵੀ ਆਪਣੇ ਸਮੂਹ ਕਰਮਚਾਰੀਆਂ ਤੇ ਰਿਟਾਇਰਡ ਸੀਨੀਅਰ ਸਿਟੀਜ਼ਨਾਂ ਨੂੰ ਤਰੁੰਤ ਅੱਜ ਤੱਕ ਦਾ ਬਣਦਾ ਡੀ.ਏ ਪਹਿਲ ਦੇ ਆਧਾਰ ਤੇ ਜਾਰੀ ਕਰੇ। ਇੱਥੇ ਇਹ ਵੀ ਦੱਸਿਆ ਕਿ ਮਾਨਯੋਗ ਅਦਾਲਤ ਵਲੋਂ ਜਾਰੀ ਹੁਕਮਾਂ ਦੀ ਇੰਨਬਿੰਨ ਪਾਲਣਾਂ ਕੀਤੀ ਜਾਵੇ। ਮਿਤੀ 1/1/2016 ਤੋ ਬਣਦੇ ਡੀ.ਏ 113%+6%=119% ਇਹ 31/12/2015 ਨੂੰ ਬਣਦਾ ਹੈ, ਇਸ ਤਰਾਂ 1/1/1016 ਦਾ 6% ਅਨੁਸਾਰ ਇਹ ਲਗਭਗ 125% ਹੋ ਜਾਂਦਾ ਹੈ। ਮਿਤੀ 1/1/2016 ਅਨੁਸਾਰ ਸਮੂਹ ਪੈਨਸ਼ਨਰਾਂ ਤੇ ਕਰਮਚਾਰੀਆਂ ਦੀ ਪੇਨਸ਼ਨ ਰਿਫਿਕਸ ਕਰਨ ਦੇ ਹੁਕਮ ਜਾਰੀ ਕੀਤੇ ਜਾਣ ਦੀ ਜ਼ਰੂਰਤ ਹੈ। ਫਿਕਸ-ਏਸ਼ਨ ਫਾਰਮੂਲਾ 2.59 ਦੀ ਮੰਗ ਜੋ ਪੈਨਸ਼ਨਰਜ ਜਾਇੰਟ ਫਰੰਟ ਵਲੋ ਪੇਸ਼ ਕੀਤੀ ਗਈ ਹੈ ਉਸ ਨੂੰ ਵੀ ਪਹਿਲ ਦੇ ਆਧਾਰ ਤੇ ਪੰਜਾਬ ਸਰਕਾਰ ਮੰਨਣ ਨੂੰ ਵਚਨਬੱਧ ਹੈ ਤਾਂ ਇਸ ਦੀ ਘੋਸ਼ਣਾ ਪ੍ਰਤੀ, ਸਰਕਾਰ ਟਾਲ-ਮਟੋਲ ਦੀ ਨੀਤੀ ਕਿਉਂ ਅਪਨਾ ਰਹੀ ਹੈ। ਰਿਟਾਇਰਡ ਹੋਏ ਕਰਮਚਾਰੀ ਅਪਣੇ ਜੀਵਨ ਦਾ ਇੱਕ ਵੱਡਮੁੱਲਾ ਸਮਾਂ ਸਰਕਾਰ ਦੀ ਸੇਵਾ ਕਰਨ ਉਪਰੰਤ ਹੀ ਇੱਕ ਸੀਨੀਅਰ ਸਿਟੀਜਨ ਦੀ ਪੋਜੀਸ਼ਨ ਉਪੱਰ ਪਹੁੰਚਦਾ ਹੈ ਪ੍ਰੰਤੂ ਇਹ ਸੀਨੀਅਰ ਸਿਟੀਜਨ ਜਦੋ ਲਾਈਨ ਵਿੱਚ ਲੱਗ ਕੇ ਅਪਣਾ ਕੰਮ ਕਰਵਾਉਂਦਾ ਹੈ ਤਾਂ ਉਸ ਨੂੰ ਸਰਕਾਰ ਯਾਦ ਆਉਂਦੀ ਹੈ ਕਿ ਸੀਨੀਅਰ ਸਿਟੀਜਨ ਦਾ ਵੀ ਉਹੀ ਹਾਲ ਹੁੰਦਾ ਹੈ ਜੋ ਦੂਸਰਿਆਂ ਦਾ ਹੁੰਦਾ ਹੈ।



# ਟ੍ਰੈਫਿਕ ਪੁਲਿਸ ਰਾਜਪੁਰਾ ਨੇ ਵੱਖ ਵੱਖ ਥਾਵਾਂ 'ਤੇ ਨਾਕਾਬੰਦੀ ਕਰਕੇ 7 ਜੁਗਾੜੂ ਰੇਹੜੀਆਂ ਕੀਤੀਆਂ ਜ਼ਬਤ

ਰਾਜਪੁਰਾ, 22 ਅਪ੍ਰੈਲ (ਸੰਜੀਵ ਕੁਮਾਰ) : ਟ੍ਰੈਫਿਕ ਪੁਲਿਸ ਰਾਜਪੁਰਾ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੇ ਤਹਿਤ ਐਸਐਸਪੀ ਪਟਿਆਲਾ ਵਰੁਣ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸਪੀ ਟਰੈਫਿਕ ਹਰਿੰਦਰ ਸਿੰਘ ਮਾਨ, ਡੀਐਸਪੀ ਟਰੈਫਿਕ ਪੁਨੀਤ ਸਿੰਘ ਚਹਿਲ ਦੀ ਅਗਵਾਈ ਹੇਠ ਦੋ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਕਰਕੇ 7 ਜੁਗਾੜੂ ਰੇਹੜੀਆਂ ਨੂੰ ਜ਼ਬਤ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਟਰੈਫਿਕ ਪੁਲਿਸ ਰਾਜਪੁਰਾ ਦੇ ਇੰਚਾਰਜ ਥਾਣੇਦਾਰ ਗੁਰਬਚਨ ਸਿੰਘ ਨੇ ਦੱਸਿਆ ਕਿ ਉਹਨਾਂ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੇ ਅਨੁਸਾਰ ਕਾਰਵਾਈ ਕਰਦਿਆਂ ਹੋਇਆਂ ਏਐਸਆਈ ਸਤੀਸ਼ ਕੁਮਾਰ, ਏਐਸਆਈ ਤਜਿੰਦਰਪਾਲ ਅਤੇ ਹੋਲਦਾਰ ਨਰਿੰਦਰ ਸਿੰਘ ਦੇ ਨਾਲ ਰਾਜਪੁਰਾ ਦੇ ਗਗਨ ਚੌਂਕ ਅਤੇ ਅਨਾਜ ਮੰਡੀ ਦੇ ਨੇੜੇ ਨਾਕਾਬੰਦੀ ਕਰਕੇ 7 ਜੁਗਾੜੂ ( ਮੋਡੀਫਾਈ ਕੀਤੀਆਂ) ਰੇਹੜੀਆਂ ਨੂੰ ਜ਼ਬਤ ਕੀਤਾ ਗਿਆ। ਜੁਗਾੜੂ ਰੇਹੜੀਆਂ ਦੇ ਮਾਲਕ ਆਪਣੇ ਕੋਲ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਕਾਗਜ਼ਾਤ ਵੀ ਨਹੀਂ ਦਿਖਾ ਸਕੇ। ਟਰੈਫਿਕ ਇੰਚਾਰਜ ਗੁਰਬਚਨ ਸਿੰਘ ਨੇ ਦੱਸਿਆ ਕਿ ਮਾਨਯੋਗ ਅਦਾਲਤ ਦੇ ਹੁਕਮਾਂ ਦੇ ਤਹਿਤ ਰਾਜਪੁਰਾ ਸ਼ਹਿਰ ਦੀਆਂ ਸੜਕਾਂ ਉੱਤੇ ਕਿਸੇ ਵੀ ਤਰ੍ਹਾਂ ਦੀ ਜੁਗਾੜੂ ਰੇਹੜੀ ਨੂੰ ਚਲਾਉਣ ਅਤੇ ਹੋਰ ਕਿਸੇ ਵੀ ਤਰ੍ਹਾਂ ਦਾ ਮਾਲ ਦੀ ਢੋਆ ਢੁਆਈ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਪਰ ਇਸ ਮਨਾਹੀ ਦੇ ਬਾਵਜੂਦ ਵੀ ਦੇਖਿਆ ਗਿਆ ਕਿ ਜੁਗਾੜੂ ਰੇਹੜੀਆਂ ਸੜਕਾਂ ਉੱਤੇ ਸ਼ਰੇਆਮ ਚਲਦੀਆਂ ਹੋਣ ਕਾਰਨ ਜਿੱਥੇ ਆਵਾਜਾਈ ਦੇ ਵਿੱਚ ਵਿਘਨ ਪਾਉਂਦੀਆਂ ਹਨ ਉੱਥੇ ਆਮ ਲੋਕਾਂ ਦੇ ਜਾਨ ਵੀ ਖਤਰੇ ਵਿੱਚ ਪਾਉਂਦੀਆਂ ਹਨ। ਉਹਨਾਂ ਦੱਸਿਆ ਕਿ ਕੋਈ ਵੀ ਵਿਅਕਤੀ ਜੁਗਾੜੂ ਰੇਹੜੀ ਨੂੰ ਸੜਕਾਂ ਦੇ ਉੱਤੇ ਨਹੀਂ ਘੁਮਾ ਸਕਦਾ।

# ਫੋਰੈਂਸਿਕ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮ੍ਰਿਤਕ ਸਤਨਾਮ ਸਿੰਘ ਦਾ ਪੋਸਟਮਾਰਟਮ

ਸਮਾਣਾ, 22 ਅਪ੍ਰੈਲ (ਵਿਜੇ ਕੁਮਾਰ) : ਲਾਪਤਾ ਹੋਣ ਦੇ ਇੱਕ ਹਫ਼ਤੇ ਬਾਅਦ,18 ਅਪ੍ਰੈਲ ਨੂੰ ਭਾਖੜਾ ਨਹਿਰ ਵਿੱਚੋਂ ਮਿਲੇ ਫੋਟੋਗ੍ਰਾਫਰ ਸਤਨਾਮ ਸਿੰਘ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਤੋਂ ਰਾਜਿੰਦਰਾ ਹਸਪਤਾਲ, ਪਟਿਆਲਾ ਭੇਜਿਆ ਗਿਆ। ਸਿਟੀ ਪੁਲਿਸ ਇੰਚਾਰਜ ਸਬ-ਇੰਸਪੈਕਟਰ ਬਲਜੀਤ ਸਿੰਘ ਨੇ ਦੱਸਿਆ ਕਿ ਹਸਪਤਾਲ ਦੇ ਡਾਕਟਰਾਂ ਦੇ ਤਿੰਨ ਮੈਂਬਰੀ ਪੈਨਲ ਨੇ ਜਾਂਚ-ਪੜਤਾਲ ਤੋਂ ਬਾਅਦ ਲਾਸ਼ ਦੀ ਸਥਿਤੀ ਨੂੰ ਦੇਖਦੇ ਹੋਏ ਮਾਹਿਰ ਡਾਕਟਰਾਂ ਤੋਂ ਪੋਸਟਮਾਰਟਮ ਕਰਵਾਉਣ ਦੀ ਸਲਾਹ ਦਿੱਤੀ ਸੀ। ਇਸ ਤੋਂ ਬਾਅਦ ਰਾਜਿੰਦਰਾ ਹਸਪਤਾਲ, ਪਟਿਆਲਾ ਦੇ ਫੋਰੈਂਸਿਕ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮ੍ਰਿਤਕ ਸਤਨਾਮ ਸਿੰਘ ਦਾ ਪੋਸਟਮਾਰਟਮ ਕੀਤਾ ਗਿਆ। ਪੋਸਟਮਾਰਟਮ ਉਪਰੰਤ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ।

# ਬਲੂ ਬੈਰੀ ਸਕੂਲ ਡੇਰਾਬੱਸੀ ਵਿਖੇ ਧਰਤੀ ਦਿਵਸ ਧੂਮ-ਧਾਮ ਨਾਲ ਮਨਾਇਆ

ਡੇਰਾਬੱਸੀ, 22 ਅਪ੍ਰੈਲ (ਮਨਦੀਪ ਵਰਮਾ/ਯੋਗੇਸ਼ ਰਾਣਾ):ਡੇਰਾਬੱਸੀ ਦੇ ਬਲੂ ਬੈਰੀ ਫੀਲਡ ਸਕੂਲ ਵਿਖੇ ਛੋਟੇ-ਛੋਟੇ ਬੱਚਿਆਂ ਨੇ ਵਿਸ਼ਵ ਧਰਤੀ ਦਿਵਸ ਨੂੰ ਉਤਸ਼ਾਹ ਨਾਲ ਮਨਾਇਆ। ਸਕੂਲ ਪ੍ਰਿੰਸੀਪਲ ਮਾਲਵਿਕਾ ਬੰਸਲ ਨੇ ਬੱਚਿਆਂ ਨੂੰ ਇਸ ਦਿਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਧਰਤੀ ਨੂੰ ਬਚਾਉਣ ਲਈ ਹਰੇਕ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਬੱਚਿਆਂ ਨੇ ਪ੍ਰਕਿਰਤੀ ਸੰਬੰਧੀ ਪੇਂਟਿੰਗਾਂ ਬਣਾਈਆਂ। ਇਸ ਮੌਕੇ ਸਕੂਲ ਸਟਾਫ਼ ਨੇ ਧਰਤੀ ਮਾਂ ਨੂੰ ਸਮਰਪਿਤ ਕਵਿਤਾਵਾਂ ਪੜ੍ਹੀਆਂ। ਸਕੂਲ ਪ੍ਰਸ਼ਾਸਨ ਨੇ ਬੱਚਿਆਂ ਨੂੰ ਪਲਾਸਟਿਕ ਘੱਟ ਵਰਤਣ ਦੀ ਸਿੱਖਿਆ ਵੀ ਦਿੱਤੀ। ਇਸ ਤਰ੍ਹਾਂ ਸਕੂਲ ਨੇ ਵਾਤਾਵਰਨ ਸੰਭਾਲ ਦਾ ਪ੍ਰਬੰਧਕ ਸੁਨੇਹਾ ਦਿੱਤਾ।




# ਸ਼੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਵਿਸ਼ੇਸ਼ ਕੀਰਤਨ ਸਮਾਗਮ 25 ਨੂੰ

ਲਧਿਆਣਾ,22 ਅਪ੍ਰੈਲ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੋਕਲ ਪੁਆਇੰਟ, ਜਮਾਲਪੁਰ, ਲੁਧਿਆਣਾ ਵਿਖੇ ਤੀਸਰੇ ਪਾਤਸ਼ਾਹ ਧੰਨ-ਧੰਨ ਸ਼੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਵਿਸ਼ੇਸ਼ ਕੀਰਤਨ ਸਮਾਗਮ 25 ਅਪ੍ਰੈਲ ਦਿਨ ਸ਼ਨੀਵਾਰ ਨੂੰ ਸ਼ਾਮ 7.30 ਵਜੇ ਤੋਂ ਰਾਤ 9 ਵਜੇ ਤੱਕ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਭਾਈ ਗੁਰਮਿੰਦਰਪਾਲ ਸਿੰਘ (ਲਾਲ ਵੀਰ ਜੀ) ਲੁਧਿਆਣੇ ਵਾਲੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ 'ਚ ਰਹੋ।**


**ਪੰਜਾਬ ਸਰਕਾਰ**

ਟੈਂਡਰ ਨੋਟਿਸ ਨੰ.: ਈ-ਟੈਂਡਰ / ਮਿਊਂਸਪਲ ਕੌਂਸਲ ਜੈਤੋਂ / 2026-27/01

ਸਥਾਨਕ ਸਰਕਾਰ (ਨਗਰ ਕੌਂਸਲ ਜੈਤੋਂ) ਦੇ ਵਿਭਾਗ ਵੱਲੋਂ ਵਿਕਾਸ ਦੇ ਵੱਖ-ਵੱਖ ਕੰਮਾਂ ਲਈ ਆਨਲਾਈਨ ਬੋਲੀਆਂ ਦਾ ਸੱਦਾ ਦਿੱਤਾ ਜਾਂਦਾ ਹੈ :

ਬੰਦ ਹੋਣ ਦੀ ਮਿਤੀ ਤੇ ਸਮਾਂ : ਮਿਤੀ 04.05.2026 ਸਮਾਂ ਦੁਪਹਿਰ 12:00 ਵਜੇ ਤੱਕ। ਵਿਸਤ੍ਰਿਤ ਜਾਣਕਾਰੀ ਲਈ ਲਾਗਇਨ ਕਰੋ : http://www.eproc.punjab.gov.in

**ਨੋਟ : ਟੈਂਡਰ ਨੋਟਿਸ ਸਬੰਧੀ ਕੋਈ ਸੋਧ ਸਿਰਫ ਉਪਰੋਕਤ ਵੈੱਬਸਾਈਟ ਤੇ ਦਿੱਤੀ ਜਾਵੇਗੀ।**

ਪ੍ਰਧਾਨ, ਨਗਰ ਕੌਂਸਲ ਜੈਤੋਂ — ਕਾਰਜ ਸਾਧਕ ਅਫਸਰ, ਨਗਰ ਕੌਂਸਲ ਜੈਤੋਂ।

**Ro No.: PR-Advt. No.: 1728 / 12 / 2026-27 / 10720 / Dated CHD : 22.04.2026**



**ਪੰਜਾਬ ਸਰਕਾਰ**

**ਟੈਂਡਰ/ਆਰਐਫਪੀ ਹਵਾਲਾ ਨੰ. ਸਰਹਿੰਦ-ਫਤਿਗੜ੍ਹ ਸਾਹਿਬ/2026/1569**

**ਨਗਰ ਕੌਂਸਲ ਸਰਹਿੰਦ-ਫਤਿਹਗੜ੍ਹ ਸਾਹਿਬ** ਦੇ ਵਿਭਾਗ ਵੱਲੋਂ ਸਿਵਲ ਕੰਮਾਂ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।

ਕਿਰਪਾ ਕਰਕੇ ਉਕਤ ਕੰਮਾਂ ਦੇ ਵੇਰਵਿਆਂ ਲਈ ਡੀਐਨਆਈਟੀ ਦਾ ਹਵਾਲਾ ਲਓ।

ਕੰਮਾਂ ਲਈ ਸਮਾਪਤੀ ਮਿਤੀ : 04.05.26 ਅਤੇ ਸਮਾਂ : 17.00 ਵਜੇ

ਵੇਰਵਿਆਂ ਲਈ ਲਾਗ ਆਨ ਕਰੋ : http://eproc.punjab.gov.in/nicgep/app

ਨੋਟ : ਟੈਂਡਰ/ਆਰਐਫਪੀ ਸੂਚਨਾ ਸਬੰਧੀ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।

ਸਹੀ/- ਕਾਰਜਕਾਰੀ ਅਧਿਕਾਰੀ, ਐਮ.ਸੀ.ਸਰਹਿੰਦ-ਫਤਿਹਗੜ੍ਹ ਸਾਹਿਬ

**RO.No.PR-Advt.No. 1481/12/2026-27/10712/Dated CHD : 22/4/2026**



**pstcl ਸ਼ਾਰਟ ਟਰਮ ਟੈਂਡਰ ਨੋਟਿਸ ਨੰ. 12/2026-27 ਤੋਂ 17/2026-27 ਸਿਵਲ ਸੰਭਾਲ ਮੰਡਲ, ਪੀ. ਅਤੇ ਐਮ., ਪਟਿਆਲਾ ਦੇ ਦਫ਼ਤਰ ਰਾਹੀਂ ਹੇਠ ਦਰਸਾਏ ਈ-ਟੈਂਡਰ**

| ਸੀ. ਨੰ. | ਕੰਮ ਦਾ ਵੇਰਵਾ |
|---|---|
| 1 | 400 ਕੇ.ਵੀ. ਲਾਈਨ ਤਲਵੰਡੀ ਸਾਬੋ - ਭਲਵਾਨ (ਧੂਰੀ) ਦੇ ਟਾਵਰ ਨੰ. 37 ਦੀ ਅਰਥ ਪ੍ਰੋਟੈਕਸ਼ਨ ਦਾ ਕੰਮ। |
| 2 | 200 ਕੇ.ਵੀ. ਲਾਈਨ ਨਾਭਾ - ਭਲਵਾਨ ਸਿੰਗਲ ਸਰਕਟ ਦੇ ਟਾਵਰ ਨੰ. 8 ਦੀ ਅਰਥ ਪ੍ਰੋਟੈਕਸ਼ਨ ਦਾ ਕੰਮ। |
| 3 | 220 ਕੇ.ਵੀ. ਲਾਈਨ ਭਲਵਾਲ - ਧੂਰੀ ਸਰਕਟ 1 ਅਤੇ 2 ਦੇ ਟਾਵਰ ਨੰ. 53/45 ਦੀ ਅਰਥ ਪ੍ਰੋਟੈਕਸ਼ਨ ਦਾ ਕੰਮ। |
| 4 | 220 ਕੇ.ਵੀ. ਲਾਈਨ ਧੂਰੀ - ਮਲੇਰਕੋਟਲਾ ਸਰਕਟ 1 ਅਤੇ 2 ਦੇ ਟਾਵਰ ਨੰ. 40 ਦੀ ਅਰਥ ਪ੍ਰੋਟੈਕਸ਼ਨ ਦਾ ਕੰਮ। |
| 5 | 220 ਕੇ.ਵੀ ਲਾਈਨ ਸੁਨਾਮ - ਪਾਤੜਾ (S.C.) ਦੇ ਟਾਵਰ ਨੰ. 62 ਦੀ ਅਰਥ ਪ੍ਰੋਟੈਕਸ਼ਨ ਦਾ ਕੰਮ। |
| 6 | 220 ਕੇ.ਵੀ. ਲਾਈਨ ਭਲਵਾਨ - ਸੁਨਾਮ ਸਰਕਟ 1 ਅਤੇ 2 ਦੇ ਟਾਵਰ ਨੰ. 46/30 ਦੀ ਅਰਥ ਪ੍ਰੋਟੈਕਸ਼ਨ ਦਾ ਕੰਮ। |

ਬਿਡ ਪਾਉਣ ਦੀ ਅੰਤਿਮ ਮਿਤੀ/ਸਮਾਂ : 05.05.2026 ਸ਼ਾਮ 3:00 ਵਜੇ ਤਕ।
ਟੈਂਡਰ ਖੋਲ੍ਹਣ ਦੀ ਮਿਤੀ ਅਤੇ ਸਮਾਂ : 06.05.2026 ਸਮਾਂ ਸਵੇਰੇ 11:00 ਵਜੇ।
ਟੈਂਡਰ ਦੇ ਵੇਰਵੇ: ਵੈੱਬਸਾਈਟ www.pstcl.org ਅਤੇ https://eproc.punjab.gov.in/nicgcp/app ਵੇਖੇ ਜਾਣ ਮੋਬਾਇਲ ਨੰ. 96461-23016 ਈ-ਮੇਲ : srxen-civil-mtc-pta@pstcl.org
**ਨੋਟ : ਟੈਂਡਰ ਦਾ ਕੋਰੀਜ਼ੰਡਮ ਉਪਰੋਕਤ ਦਰਸਾਈ ਗਈ Website ਵਿਖੇ ਪ੍ਰਕਾਸ਼ਿਤ ਕੀਤੇ ਜਾਣਗੇ।**
ਸੀਨੀਅਰ ਇੰਜੀ., ਸਿਵਲ ਸੰਭਾਲ ਮੰਡਲ, ਪੀ ਅਤੇ ਐਮ, ਪਟਿਆਲਾ।

**Ro No. PR-Advt. No.: 1078 / 12 / 2026-27 / 10742 / Dated CHD : 22.04.2026**



**ਭਾਖੜਾ ਮੇਨ ਲਾਈਨ ਕੈਨਾਲ ਅਤੇ ਗਰਾਊਂਡ ਵਾਟਰ ਮੰਡਲ ਅਧੀਨ ਪੈਂਦੀਆਂ ਜ਼ਮੀਨਾਂ ਨੂੰ ਸਾਲ 2026-27 ਲਈ ਲੀਜ਼ ਤੇ ਦੇਣ ਸਬੰਧੀ ਹੇਠ ਲਿਖੇ ਅਨੁਸਾਰ ਖੁੱਲ੍ਹੀ ਬੋਲੀ ਕਰਵਾਈ ਜਾਣੀ ਹੈ।**

| ਲੜੀ ਨੰ. | ਪਿੰਡ ਦਾ ਨਾਮ/ ਰੈਸਟ ਹਾਊਸ | ਜ਼ਿਲ੍ਹਾ | ਏਰੀਆ ਏਕੜਾਂ ਵਿੱਚ | ਨਿਰਧਾਰਿਤ ਕੀਤਾ ਗਿਆ ਰੇਟ (ਪ੍ਰਤੀ ਏਕੜ) | ਸਕਿਉਰਿਟੀ ਰਕਮ | ਬੋਲੀ ਦਾ ਸਥਾਨ, ਸਮਾਂ ਅਤੇ ਮਿਤੀ |
|---|---|---|---|---|---|---|
| 1 | ਗੰਡਾਖੇੜੀ ਰੈਸਟ ਹਾਊਸ | ਪਟਿਆਲਾ | 1.05 ਏਕੜ | 59010 | 5900 | ਦਫ਼ਤਰ ਉਪ-ਮੰਡਲ ਅਫ਼ਸਰ ਅਬਲੋਵਾਲ, ਉਪ ਮੰਡਲ ਪਟਿਆਲਾ, ਮਿਤੀ 06.05.2026 ਸਮਾਂ ਸਵੇਰੇ 11:00 ਵਜੇ |
| 2 | ਪਿੰਡ ਜੱਖੜਾ | ਪਟਿਆਲਾ | 1.86 ਏਕੜ | 60690 | 6000 | ਦਫ਼ਤਰ ਉਪ-ਮੰਡਲ ਅਫ਼ਸਰ ਅਬਲੋਵਾਲ, ਉਪ ਮੰਡਲ ਪਟਿਆਲਾ, ਮਿਤੀ 06.05.2026 ਸਮਾਂ ਸਵੇਰੇ 11:00 ਵਜੇ |
| 3 | ਡੰਘੇੜੀਆਂ ਰੈਸਟ ਹਾਊਸ | ਫਤਿਹਗੜ੍ਹ ਸਾਹਿਬ | 1.64 ਏਕੜ | 35684 | 3500 | ਦਫ਼ਤਰ ਉਪ-ਮੰਡਲ ਅਫ਼ਸਰ ਅਬਲੋਵਾਲ, ਉਪ ਮੰਡਲ ਪਟਿਆਲਾ, ਮਿਤੀ 06.05.2026 ਸਮਾਂ ਸਵੇਰੇ 11:00 ਵਜੇ |
| 4 | ਰੈਸਟ ਹਾਊਸ ਸਿਕੰਦਰਪੁਰ ਮੌਜਾ | ਫਤਿਹਗੜ੍ਹ ਸਾਹਿਬ | 1.24 ਏਕੜ | 38588 | 3800 | ਦਫ਼ਤਰ ਉਪ-ਮੰਡਲ ਅਫ਼ਸਰ ਅਬਲੋਵਾਲ, ਉਪ ਮੰਡਲ ਪਟਿਆਲਾ, ਮਿਤੀ 06.05.2026 ਸਮਾਂ ਸਵੇਰੇ 11:00 ਵਜੇ |
| 5 | ਪਿੰਡ ਫਤਿਹਪੁਰ ਜੱਟਾਂ | ਫਤਿਹਗੜ੍ਹ ਸਾਹਿਬ | 6.90 ਏਕੜ | 37275 | 3700 | ਦਫ਼ਤਰ ਉਪ-ਮੰਡਲ ਅਫ਼ਸਰ ਸਮਰਾਲਾ, ਮਿਤੀ 06.05.2026 ਸਮਾਂ ਸਵੇਰੇ 11:00 ਵਜੇ |
| 6 | ਪਿੰਡ ਸਾਨੀਪੁਰ | ਫਤਿਹਗੜ੍ਹ ਸਾਹਿਬ | 10.33 ਏਕੜ | 35400 | 3500 | ਦਫ਼ਤਰ ਉਪ-ਮੰਡਲ ਅਫ਼ਸਰ ਅਬਲੋਵਾਲ, ਉਪ ਮੰਡਲ ਪਟਿਆਲਾ, ਮਿਤੀ 06.05.2026 ਸਮਾਂ ਸਵੇਰੇ 11:00 ਵਜੇ |
| 7 | ਪਿੰਡ ਦਾਲੋਮਾਜਰਾ | ਫਤਿਹਗੜ੍ਹ ਸਾਹਿਬ | 7.85 ਏਕੜ | 13500 | 1300 | ਦਫ਼ਤਰ ਉਪ-ਮੰਡਲ ਅਫ਼ਸਰ ਅਬਲੋਵਾਲ, ਉਪ ਮੰਡਲ ਪਟਿਆਲਾ, ਮਿਤੀ 06.05.2026 ਸਮਾਂ ਸਵੇਰੇ 11:00 ਵਜੇ |
| 8 | ਪਿੰਡ ਕੋਟਲਾ ਨਿਹੰਗ | ਰੋਪੜ | 5.01 ਏਕੜ | 37800 | 3700 | ਦਫ਼ਤਰ ਉਪ-ਮੰਡਲ ਅਫ਼ਸਰ ਸਮਰਾਲਾ, ਮਿਤੀ 06.05.2026 ਸਮਾਂ ਸਵੇਰੇ 11:00 ਵਜੇ |
| 9 | ਲਖਮੀਪੁਰ | ਰੋਪੜ | 3.75 ਏਕੜ | 32550 | 3200 | ਦਫ਼ਤਰ ਉਪ-ਮੰਡਲ ਅਫ਼ਸਰ ਸਮਰਾਲਾ, ਮਿਤੀ 06.05.2026 ਸਮਾਂ ਸਵੇਰੇ 11:00 ਵਜੇ |
| 10 | ਬੱਲਾਂ ਰੈਸਟ ਹਾਊਸ | ਰੋਪੜ | 2.18 ਏਕੜ | 40173 | 4000 | ਦਫ਼ਤਰ ਉਪ-ਮੰਡਲ ਅਫ਼ਸਰ ਸਮਰਾਲਾ, ਮਿਤੀ 06.05.2026 ਸਮਾਂ ਸਵੇਰੇ 11:00 ਵਜੇ |

ਬੋਲੀ ਦੀਆਂ ਸ਼ਰਤਾਂ ਅਤੇ ਵਧੇਰੇ ਜਾਣਕਾਰੀ ਵਿਭਾਗ ਦੀ ਵੈੱਬਸਾਈਟ https://irrigation.punjab.gov.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।
ਕਾਰਜਕਾਰੀ ਇੰਜੀਨੀਅਰ/ਅਸਟੇਟ, ਭਾਖੜਾ ਮੇਨ ਲਾਈਨ ਸਰਕਲ, ਪਟਿਆਲਾ।

**Ro No. PR-Advt. No.: 3438 / 12 / 2026-27 / 10753 / Dated CHD : 22.04.2026**



**ਦੇਵੀਗੜ੍ਹ ਪਟਿਆਲਾ ਕੈਨਾਲ ਅਤੇ ਗਰਾਊਂਡ ਵਾਟਰ ਮੰਡਲ ਅਧੀਨ ਪੈਂਦੀਆਂ ਜ਼ਮੀਨਾਂ ਨੂੰ ਸਾਲ 2026-27 ਲਈ ਲੀਜ਼ ਤੇ ਦੇਣ ਸਬੰਧੀ ਹੇਠ ਲਿਖੇ ਅਨੁਸਾਰ ਖੁੱਲ੍ਹੀ ਬੋਲੀ ਕਰਵਾਈ ਜਾਣੀ ਹੈ।**

| ਲੜੀ ਨੰ. | ਪਿੰਡ ਦਾ ਨਾਮ/ ਰੈਸਟ ਹਾਊਸ | ਜ਼ਿਲ੍ਹਾ | ਏਰੀਆ ਏਕੜਾਂ ਵਿੱਚ | ਨਿਰਧਾਰਿਤ ਕੀਤਾ ਗਿਆ ਰੇਟ (ਪ੍ਰਤੀ ਏਕੜ) | ਸਕਿਉਰਿਟੀ ਰਕਮ | ਬੋਲੀ ਦਾ ਸਥਾਨ, ਸਮਾਂ ਅਤੇ ਮਿਤੀ |
|---|---|---|---|---|---|---|
| 1 | ਮਾਹਜ਼ੂ ਰੈਸਟ ਹਾਊਸ | ਪਟਿਆਲਾ | 0.96 ਏਕੜ | 33373 | 3300 | ਦਫ਼ਤਰ ਉਪ-ਮੰਡਲ ਅਫ਼ਸਰ ਦੇਵੀਗੜ੍ਹ, ਉਪ ਮੰਡਲ ਪਟਿਆਲਾ, ਮਿਤੀ 06.05.2026 ਸਮਾਂ ਸਵੇਰੇ 10:00 ਵਜੇ |
| 2 | ਸੀਲ ਰੈਸਟ ਹਾਊਸ | ਪਟਿਆਲਾ | 1.11 ਏਕੜ | 33012 | 3300 | ਦਫ਼ਤਰ ਉਪ-ਮੰਡਲ ਅਫ਼ਸਰ ਦੇਵੀਗੜ੍ਹ, ਉਪ ਮੰਡਲ ਪਟਿਆਲਾ, ਮਿਤੀ 06.05.2026 ਸਮਾਂ ਸਵੇਰੇ 11:00 ਵਜੇ |
| 3 | ਦੇਵੀਗੜ੍ਹ ਰੈਸਟ ਹਾਊਸ ਭੁੰਨੂਆਂ | ਪਟਿਆਲਾ | 0.61 ਏਕੜ | 35111 | 3500 | ਦਫ਼ਤਰ ਉਪ-ਮੰਡਲ ਅਫ਼ਸਰ ਦੇਵੀਗੜ੍ਹ, ਉਪ ਮੰਡਲ ਪਟਿਆਲਾ, ਮਿਤੀ 06.05.2026 ਸਮਾਂ ਦੁਪਹਿਰ 12:00 ਵਜੇ |
| 4 | ਹੀਰਾਗੜ੍ਹ ਰੈਸਟ ਹਾਊਸ ਪਿੰਡ ਅਕੋਤ | ਪਟਿਆਲਾ | 0.86 ਏਕੜ | 31422 | 3100 | ਦਫ਼ਤਰ ਉਪ-ਮੰਡਲ ਅਫ਼ਸਰ ਦੇਵੀਗੜ੍ਹ, ਉਪ ਮੰਡਲ ਪਟਿਆਲਾ, ਮਿਤੀ 06.05.2026 ਸਮਾਂ ਦੁਪਹਿਰ 1:00 ਵਜੇ |
| 5 | ਰੈਸਟ ਹਾਊਸ ਕਰਹਾਲੀ | ਪਟਿਆਲਾ | 02 ਏਕੜ | 42420 | 4200 | ਦਫ਼ਤਰ ਉਪ-ਮੰਡਲ ਅਫ਼ਸਰ ਸਮਾਣਾ, ਮਿਤੀ 06.05.2026 ਸਮਾਂ ਸਵੇਰੇ 11:00 ਵਜੇ |
| 6 | ਹਾਮਝੜੀ ਰੈਸਟ ਹਾਊਸ | ਪਟਿਆਲਾ | 4.50 ਏਕੜ | 38168 | 3800 | ਦਫ਼ਤਰ ਉਪ-ਮੰਡਲ ਅਫ਼ਸਰ ਖਨੌਰੀ, ਮਿਤੀ 06.05.2026 ਸਮਾਂ ਸਵੇਰੇ 11:00 ਵਜੇ |
| 7 | ਰੈਸਟ ਹਾਊਸ ਫੂਲਦ | ਸੰਗਰੂਰ | 3.79 ਏਕੜ | 50000 | 5000 | ਦਫ਼ਤਰ ਉਪ-ਮੰਡਲ ਅਫ਼ਸਰ ਖਨੌਰੀ, ਮਿਤੀ 06.05.2026 ਸਮਾਂ ਸਵੇਰੇ 11:30 ਵਜੇ |

ਬੋਲੀ ਦੀਆਂ ਸ਼ਰਤਾਂ ਅਤੇ ਵਧੇਰੇ ਜਾਣਕਾਰੀ ਵਿਭਾਗ ਦੀ ਵੈੱਬਸਾਈਟ https://irrigation.punjab.gov.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।
ਕਾਰਜਕਾਰੀ ਇੰਜੀਨੀਅਰ/ਅਸਟੇਟ, ਭਾਖੜਾ ਮੇਨ ਲਾਈਨ ਸਰਕਲ, ਪਟਿਆਲਾ।

**Ro No. PR-Advt. No.: 3438 / 12 / 2026-27 / 10751 / Dated CHD : 22.04.2026**



**ਨਗਰ ਨਿਗਮ ਚੰਡੀਗੜ੍ਹ**
**ਟੈਂਡਰ ਸੂਚਨਾ**

| ਲ. ਨੰ. | ਕੰਮ ਦਾ ਨਾਮ | ਬੋਲੀ ਜਮ੍ਹਾਂ ਸੂਚੀ (ਆਨਲਾਈਨ) | ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ) |
|---|---|---|---|
| | **ਕਾਰਜਕਾਰੀ ਇੰਜੀਨੀਅਰ - ਬਾਗਬਾਨੀ ਡਿਵੀਜ਼ਨ ਨੰ. 1** | | |
| 1. | 1. ਰੈਵੇਨਿਊ ਹੈਡ ਅਧੀਨ ਬਾਗਬਾਨੀ ਡਿਵੀਜ਼ਨ ਨੰ. 1, ਨਗਰ ਨਿਗਮ, ਚੰਡੀਗੜ੍ਹ ਦੇ ਅਧਿਕਾਰ ਖੇਤਰ ਅਧੀਨ ਵੱਖ-ਵੱਖ ਗ੍ਰੀਨ ਬੈਲਟਾਂ/ਬਾਗਾਂ/ਪਾਰਕਾਂ ਵਿੱਚ ਫੁਹਾਰੇ ਦੇ ਸੰਚਾਲਨ, ਰੱਖ-ਰਖਾਅ ਅਤੇ ਨਿਗਰਾਨੀ ਅਤੇ ਵਾਰਡ ਦੇ ਕੰਮ ਲਈ ਡੀ.ਐਨ.ਆਈ.ਟੀ. ਡੀ.ਐਨ.ਆਈ.ਟੀ. ਰਕਮ: 84,35,232/- ਰੁਪਏ; ਬਿਆਨਾ ਰਕਮ: 1,68,705/- ਰੁਪਏ; ਟੈਂਡਰ ਫੀਸ: 3000/- ਰੁਪਏ; ਸਮਾਂ ਹੱਦ : 12 ਮਹੀਨੇ | 23.04.2026 To 30.04.2026 at 3.00 PM | 30.04.2026 at 3.00 PM |
| | **ਕਾਰਜਕਾਰੀ ਇੰਜੀਨੀਅਰ - ਐਸਐਮਡਬਲਿਊ ਡਿਵੀਜ਼ਨ** | | |
| 2. | ਐਮ.ਸੀ.ਪੀ.ਐਚ. ਸਬ ਡਿਵੀਜ਼ਨ ਨੰ. 18, ਚੰਡੀਗੜ੍ਹ ਦੇ ਅਧਿਕਾਰ ਖੇਤਰ ਅਧੀਨ ਪਿੰਡ ਬੁੜੈਲ, ਚੰਡੀਗੜ੍ਹ ਵਿਖੇ ਵੱਖ-ਵੱਖ ਥਾਵਾਂ 'ਤੇ ਮੌਜੂਦਾ ਸੀਵਰੇਜ ਸਿਸਟਮ ਦੀ ਮੁਰੰਮਤ ਅਤੇ ਮਜ਼ਬੂਤੀ। ਲਗਭਗ ਰਕਮ: 38,61,695/- ਰੁਪਏ; ਸਭ ਤੋਂ ਵੱਧ ਕਮਾਈ: 77,234/- ਰੁਪਏ; ਸਮਾਂ ਹੱਦ: 04 ਮਹੀਨੇ; ਟੈਂਡਰ ਫੀਸ: 3,000/- ਰੁਪਏ | 23.04.2026 at 9:00 A.M To 04.05.2026 at 11:00 A.M | 04.05.2026 at 11:30 A.M |
| | **ਕਾਰਜਕਾਰੀ ਇੰਜੀਨੀਅਰ - ਐਮ.ਸੀ.ਪੀ.ਐਚ. ਡਿਵੀਜ਼ਨ ਨੰ.3** | | |
| 3. | ਚੱਕੀ ਸੈਕਟਰ-36ਡੀ ਦੇ ਨੇੜੇ ਅਤੇ ਬੂਥ ਨੰ. 182 ਅਤੇ 194, ਸੈਕਟਰ-36ਡੀ, ਚੰਡੀਗੜ੍ਹ ਦੇ ਨੇੜੇ ਮੌਜੂਦਾ ਪੁਰਾਣੇ ਜਨਤਕ ਟਾਇਲਟ ਬਲਾਕਾਂ ਦਾ ਨਵੀਨੀਕਰਨ ਐਸ.ਡੀ.ਈ. ਐਮ.ਸੀ.ਪੀ.ਐਚ. ਸਬ ਡਿਵੀਜ਼ਨ ਨੰ.4 ਚੰਡੀਗੜ੍ਹ ਦੇ ਅਧਿਕਾਰ ਖੇਤਰ ਅਧੀਨ ਵਾਟਰ ਪਲੱਸ ਦਿਸ਼ਾ-ਨਿਰਦੇਸ਼ਾਂ ਅਨੁਸਾਰ। (ਚੰਡੀਗੜ੍ਹ ਟੂ: ਕੈਪੀਟਲ ਹੈੱਡ :-ਸਿਵਿਕ ਵਰਕ/ਪਬਲਿਕ ਟਾਇਲਟ।) ਅਨੁਮਾਨਿਤ ਲਾਗਤ: 46,44,743/- ਰੁਪਏ; ਸਮਾਂ ਸੀਮਾ: 03 ਮਹੀਨੇ; ਬਿਆਨਾ ਰਕਮ: 92,895/- ਰੁਪਏ; ਟੈਂਡਰ ਫੀਸ: 3,000/- ਰੁਪਏ | 23-04-2026 To 29-04-2026 upto 1.00 P.M. | 29-04-2026 at 03.00 P.M. |

ਨੋਟ:- 1) ਟੈਂਡਰ ਨੋਟਿਸ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਦੇ ਨਾਲ ਵੈੱਬਸਾਈਟ www.chandigarh.gov.in ਜਾਂ etenders.chd.nic.in 'ਤੇ ਉਪਲਬਧ/ਅੱਪਲੋਡ ਕੀਤਾ ਜਾ ਸਕਦਾ ਹੈ।

**ਕਾਰਜਕਾਰੀ ਇੰਜੀਨੀਅਰ**
ਬਾਗਬਾਨੀ ਡਿਵੀਜ਼ਨ ਨੰ. 1, ਐਮ.ਸੀ., ਨਿਊ ਡੀਲਕਸ ਬਿਲਡਿੰਗ, ਕਮਰਾ ਨੰ. 401, ਸੈਕਟਰ 17, ਚੰਡੀਗੜ੍ਹ, ਐਸਡਬਲਯੂਐਮ ਡਿਵੀਜ਼ਨ, ਕਮਰਾ ਨੰ. 612, 6ਵੀਂ ਮੰਜ਼ਿਲ, ਨਿਊ ਡੀਲਕਸ ਬਿਲਡਿੰਗ, ਐਮ.ਸੀ. ਸੈਕਟਰ-17, ਚੰਡੀਗੜ੍ਹ ਈਮੇਲ ਆਈਡੀ: **mcc.swm2020@gmail.com** ਅਤੇ ਐਮ.ਸੀ.ਪੀ.ਐਚ. ਡਿਵੀਜ਼ਨ ਨੰ. 3, ਚੰਡੀਗੜ੍ਹ।



**ਡਾਇਰੈਕਟੋਰੇਟ ਛੋਟੀਆਂ ਬਚਤਾਂ, ਬੈਂਕਿੰਗ ਅਤੇ ਲਾਟਰੀਆਂ, ਪੰਜਾਬ**

ਡਰਾਅ ਦਾ ਸਮਾਂ : ਸ਼ਾਮ 05.00 ਵਜੇ ਤੋਂ — ਪੰਜਾਬ ਰਾਜ ਡੀਅਰ 50 ਬੂਸਟਰ ਬੁੱਧਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ — ਮਿਤੀ : 22.04.2026

**ਮੁੱਲ ਰੁਪਏ 50/- ਪ੍ਰਤੀ ਟਿਕਟ**

ਪਹਿਲੇ ਇਨਾਮ ਦੀ ਰਾਸ਼ੀ (1) ਰੁ. 15 ਲੱਖ (ਲੜੀਆਂ ਨਾਲ 5 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 1 ਲੱਖ + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 25 ਹਜ਼ਾਰ, ਕੁੱਲ ਇਨਾਮੀ ਰਾਸ਼ੀ ਰੁਪਏ 16.25 ਲੱਖ)
E 51247

ਦੂਜੇ ਇਨਾਮ ਦੀ ਰਾਸ਼ੀ (25) ਰੁ. 9,000/- (5 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 900/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁਪਏ 10,000/- ਹਰੇਕ)
62030 63785 68026 78239 97937

ਤੀਜੇ ਇਨਾਮ ਦੀ ਰਾਸ਼ੀ (50) ਰੁ. 4,000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 500/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁਪਏ 4,600/- ਹਰੇਕ)
2218 5399

ਚੌਥੇ ਇਨਾਮ ਦੀ ਰਾਸ਼ੀ (125) ਰੁ. 2,000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 200/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁਪਏ 2,250/- ਹਰੇਕ)
2142 2471 3864 4127 5441

ਪੰਜਵੇਂ ਇਨਾਮ ਦੀ ਰਾਸ਼ੀ (125) ਰੁ. 1000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 100/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁਪਏ 1,150/- ਹਰੇਕ)
0188 6409 8020 9200 9487

ਛੇਵੇਂ ਇਨਾਮ ਦੀ ਰਾਸ਼ੀ (125) ਰੁ. 500/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 50/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 20/-, ਕੁੱਲ ਇਨਾਮੀ ਰਾਸ਼ੀ ਰੁਪਏ 570/- ਹਰੇਕ)
0082 0982 6628 7529 7701

ਸੱਤਵੇਂ ਇਨਾਮ ਦੀ ਰਾਸ਼ੀ (17,500) ਰੁ. 100/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 10/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 5/-, ਕੁੱਲ ਇਨਾਮੀ ਰਾਸ਼ੀ ਰੁਪਏ 115/- ਹਰੇਕ)

| | | | | | | | | | |
|---|---|---|---|---|---|---|---|---|---|
| 0015 | 0023 | 0028 | 0031 | 0046 | 0049 | 0063 | 0065 | 0081 | 0109 |
| 0138 | 0141 | 0163 | 0186 | 0198 | 0219 | 0226 | 0234 | 0248 | 0255 |
| 0279 | 0283 | 0299 | 0303 | 0345 | 0352 | 0374 | 0423 | 0437 | 0450 |
| 0470 | 0485 | 0487 | 0495 | 0498 | 0499 | 0507 | 0517 | 0546 | 0564 |
| 0565 | 0567 | 0574 | 0588 | 0591 | 0592 | 0593 | 0600 | 0603 | 0617 |
| 0631 | 0636 | 0637 | 0678 | 0681 | 0684 | 0692 | 0709 | 0732 | 0738 |
| 0746 | 0772 | 0790 | 0810 | 0813 | 0825 | 0844 | 0847 | 0855 | 0867 |
| 0875 | 0877 | 0885 | 0892 | 0893 | 0896 | 0924 | 0940 | 0971 | 1005 |
| 1016 | 1045 | 1046 | 1061 | 1076 | 1079 | 1101 | 1151 | 1159 | 1160 |
| 1170 | 1174 | 1215 | 1218 | 1221 | 1224 | 1232 | 1236 | 1251 | 1259 |
| 1277 | 1288 | 1337 | 1340 | 1352 | 1360 | 1373 | 1374 | 1391 | 1418 |
| 1425 | 1429 | 1449 | 1468 | 1469 | 1494 | 1566 | 1569 | 1582 | 1604 |
| 1607 | 1622 | 1628 | 1652 | 1655 | 1656 | 1663 | 1664 | 1672 | 1674 |
| 1679 | 1708 | 1720 | 1721 | 1725 | 1741 | 1747 | 1780 | 1798 | 1807 |
| 1812 | 1831 | 1860 | 1894 | 1898 | 1899 | 1915 | 1929 | 1965 | 1966 |
| 1982 | 1988 | 2005 | 2007 | 2011 | 2014 | 2019 | 2033 | 2057 | 2058 |
| 2062 | 2073 | 2122 | 2151 | 2154 | 2212 | 2268 | 2291 | 2293 | 2305 |
| 2341 | 2370 | 2397 | 2413 | 2422 | 2423 | 2428 | 2430 | 2432 | 2454 |
| 2461 | 2477 | 2492 | 2500 | 2511 | 2522 | 2548 | 2551 | 2555 | 2584 |
| 2599 | 2600 | 2692 | 2701 | 2717 | 2753 | 2756 | 2761 | 2768 | 2772 |
| 2784 | 2833 | 2854 | 2883 | 2889 | 2891 | 2902 | 2910 | 2912 | 2922 |
| 2930 | 2967 | 2978 | 2983 | 3012 | 3039 | 3060 | 3121 | 3122 | 3136 |
| 3147 | 3155 | 3164 | 3168 | 3189 | 3193 | 3202 | 3217 | 3260 | 3304 |
| 3313 | 3325 | 3350 | 3351 | 3373 | 3385 | 3412 | 3415 | 3416 | 3430 |
| 3470 | 3474 | 3501 | 3513 | 3520 | 3539 | 3584 | 3610 | 3622 | 3635 |
| 3657 | 3662 | 3664 | 3692 | 3735 | 3736 | 3747 | 3826 | 3832 | 3834 |
| 3836 | 3873 | 3876 | 3884 | 3887 | 3897 | 3910 | 3912 | 3913 | 3915 |
| 3920 | 3932 | 4010 | 4036 | 4039 | 4046 | 4053 | 4059 | 4082 | 4086 |
| 4110 | 4114 | 4121 | 4123 | 4129 | 4136 | 4140 | 4163 | 4175 | 4210 |
| 4236 | 4263 | 4265 | 4281 | 4334 | 4339 | 4349 | 4360 | 4366 | 4382 |
| 4387 | 4410 | 4415 | 4444 | 4445 | 4470 | 4478 | 4489 | 4495 | 4498 |
| 4507 | 4508 | 4512 | 4541 | 4548 | 4578 | 4592 | 4593 | 4607 | 4620 |
| 4623 | 4635 | 4636 | 4671 | 4710 | 4713 | 4732 | 4752 | 4759 | 4802 |
| 4807 | 4813 | 4816 | 4818 | 4847 | 4866 | 4879 | 4892 | 4902 | 4903 |
| 4934 | 4957 | 4961 | 4978 | 4982 | 4992 | 5005 | 5043 | 5048 | 5053 |
| 5073 | 5090 | 5091 | 5095 | 5103 | 5108 | 5133 | 5134 | 5176 | 5185 |
| 5219 | 5236 | 5245 | 5255 | 5262 | 5278 | 5330 | 5337 | 5339 | 5345 |
| 5352 | 5375 | 5386 | 5428 | 5438 | 5445 | 5475 | 5545 | 5547 | 5550 |
| 5553 | 5587 | 5608 | 5614 | 5630 | 5652 | 5662 | 5669 | 5671 | 5686 |
| 5688 | 5707 | 5730 | 5738 | 5743 | 5749 | 5750 | 5752 | 5774 | 5785 |
| 5794 | 5800 | 5804 | 5806 | 5807 | 5822 | 5826 | 5847 | 5862 | 5876 |
| 5913 | 5915 | 5941 | 5956 | 5965 | 5967 | 5973 | 5980 | 5981 | 5987 |
| 5990 | 6034 | 6038 | 6041 | 6062 | 6064 | 6078 | 6084 | 6094 | 6102 |
| 6114 | 6115 | 6117 | 6127 | 6150 | 6170 | 6183 | 6191 | 6242 | 6244 |
| 6252 | 6255 | 6261 | 6358 | 6365 | 6413 | 6416 | 6417 | 6428 | 6466 |
| 6470 | 6495 | 6538 | 6545 | 6546 | 6588 | 6597 | 6602 | 6604 | 6617 |
| 6622 | 6653 | 6665 | 6690 | 6691 | 6708 | 6710 | 6711 | 6712 | 6765 |
| 6771 | 6791 | 6792 | 6823 | 6831 | 6847 | 6864 | 6867 | 6873 | 6881 |
| 6889 | 6907 | 6938 | 6972 | 7008 | 7009 | 7012 | 7017 | 7044 | 7053 |
| 7060 | 7090 | 7115 | 7116 | 7150 | 7160 | 7165 | 7169 | 7200 | 7216 |
| 7224 | 7254 | 7255 | 7266 | 7270 | 7278 | 7307 | 7314 | 7317 | 7355 |
| 7356 | 7371 | 7397 | 7413 | 7428 | 7439 | 7463 | 7473 | 7503 | 7515 |
| 7528 | 7536 | 7541 | 7555 | 7571 | 7574 | 7587 | 7591 | 7593 | 7608 |
| 7617 | 7622 | 7631 | 7641 | 7657 | 7663 | 7685 | 7712 | 7749 | 7751 |
| 7758 | 7780 | 7782 | 7806 | 7807 | 7826 | 7856 | 7870 | 7875 | 7893 |
| 7895 | 7934 | 7967 | 7979 | 7988 | 7992 | 8007 | 8042 | 8044 | 8049 |
| 8058 | 8074 | 8095 | 8110 | 8135 | 8136 | 8142 | 8144 | 8206 | 8208 |
| 8212 | 8217 | 8222 | 8234 | 8237 | 8240 | 8242 | 8252 | 8322 | 8347 |
| 8357 | 8366 | 8397 | 8412 | 8441 | 8459 | 8461 | 8466 | 8472 | 8474 |
| 8489 | 8492 | 8498 | 8500 | 8519 | 8523 | 8561 | 8597 | 8606 | 8607 |
| 8616 | 8632 | 8642 | 8645 | 8650 | 8657 | 8715 | 8726 | 8734 | 8754 |
| 8770 | 8775 | 8793 | 8809 | 8816 | 8837 | 8839 | 8840 | 8848 | 8851 |
| 8859 | 8867 | 8888 | 8890 | 8902 | 8911 | 8969 | 8975 | 8988 | 8995 |
| 9007 | 9061 | 9073 | 9080 | 9088 | 9093 | 9095 | 9128 | 9219 | 9262 |
| 9266 | 9274 | 9285 | 9293 | 9310 | 9347 | 9354 | 9363 | 9389 | 9432 |
| 9435 | 9445 | 9446 | 9467 | 9491 | 9497 | 9507 | 9527 | 9568 | 9571 |
| 9578 | 9584 | 9638 | 9648 | 9664 | 9675 | 9681 | 9687 | 9702 | 9709 |
| 9712 | 9716 | 9719 | 9728 | 9731 | 9738 | 9741 | 9752 | 9761 | 9767 |
| 9770 | 9785 | 9787 | 9805 | 9814 | 9824 | 9836 | 9850 | 9864 | 9865 |
| 9867 | 9888 | 9897 | 9920 | 9927 | 9946 | 9965 | 9968 | 9973 | 9984 |

ਜਾਰੀ ਕਰਤਾ ਡਾਇਰੈਕਟੋਰੇਟ ਛੋਟੀਆਂ ਬਚਤਾਂ, ਬੈਂਕਿੰਗ ਅਤੇ ਲਾਟਰੀਆਂ, ਪੰਜਾਬ
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਵਿਚ ਦੇਖੋ।

RO.No.PR-Advt.No.3924/11/2026-27/10263/Dated CHD : 10.04.2026

# ਰਾਜਸੀ ਸ਼ਹਿ 'ਤੇ ਮਾਰਕਫੈਡ 'ਚ ਫ਼ੈਲੇ ਭ੍ਰਿਸ਼ਟਾਚਾਰ ਨੂੰ ਰੋਕਣ ਦੀ ਮੰਗ

ਸ੍ਰੀ ਅਨੰਦਪੁਰ ਸਾਹਿਬ, 22 ਅਪ੍ਰੈਲ (ਤਰਲੋਚਨ ਸਿੰਘ): ਅੱਜ ਇੱਥੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਕੁੱਲ ਹਿੰਦ ਕਿਸਾਨ ਸਭਾ ਦੇ ਜਿਲ੍ਹਾ ਸਕੱਤਰ ਗੁਰਨਾਮ ਸਿੰਘ ਔਲਖ ਨੇ ਪ੍ਰੈਸ ਨੂੰ ਜਾਰੀ ਬਿਆਨ @ਚ ਕਿਹਾ ਕਿ ਆਨੰਦਪੁਰ ਸਾਹਿਬ ਵਿਖੇ ਸਥਿਤ ਮਾਰਕਫੈਡ ਦੇ ਗੁਦਾਮਾਂ ਨੂੰ ਖਾਲੀ ਰੱਖ ਕੇ ਰਾਜਸੀ ਪ੍ਰਭਾਵ ਦੇ ਥੱਲੇ ਰੋਪੜ ਵਿਖੇ ਸੈਲਰ ਮਾਲਕਾਂ ਦੇ ਸਟੋਰਾਂ ਵਿੱਚ ਕਣਕ ਰੱਖੀ ਜਾ ਰਹੀ ਹੈ। ਜਿਸ ਨਾਲ ਅਧਿਕਾਰੀਆਂ ਸਮੇਤ ਰਾਜਸੀ ਲੋਕਾਂ ਵੱਲੋਂ ਮਾਰਕਫੈਡ ਨੂੰ ਵੱਡੇ ਪੱਧਰ ਤੇ ਚੂਨਾ ਲਗਾਇਆ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਮਾਰਕਫੈਡ ਦੇ ਗੁਦਾਮ ਬਿਲਕੁਲ ਤਿਆਰ ਹਨ। ਜਿੱਥੇ ਹਜ਼ਾਰਾਂ ਟਨ ਕਣਕ ਰੱਖੀ ਜਾ ਸਕਦੀ ਹੈ। ਪਰ ਦੂਜੇ ਪਾਸੇ ਇਥੋਂ ਦੂਰ ਸਟੋਰ ਕਿਰਾਏ ਤੇ ਲੈ ਕੇ ਕਣਕ ਰੱਖਣ ਲਈ ਅਨੰਦਪੁਰ ਸਾਹਿਬ ਦੇ ਨੇੜੇ ਦੀਆਂ ਅਨਾਜ ਮੰਡੀਆਂ ਤੋਂ ਭੇਜੀ ਜਾ ਰਹੀ ਹੈ। ਜਦੋਂ ਕਿ ਇਹੀ ਕਣਕ ਵਾਪਸ ਅਨੰਦਪੁਰ ਸਾਹਿਬ ਦੇ ਪਿੰਡਾਂ ਵਿੱਚ ਹੀ ਵੰਡੀ ਜਾਣੀ ਹੈ। ਇਸ ਲਈ ਮਾਰਕਫੈਡ ਨੂੰ ਦੋਵਾਂ ਪਾਸੇ ਦੀ ਢੋਹ ਢੁਹਾਈ ਦਾ ਵਧੇਰੇ ਖਰਚਾ ਪੈ ਰਿਹਾ ਹੈ। ਦੂਜਾ ਗੁਦਾਮਾਂ ਦਾ ਵੀ।ਕਿਸਾਨ ਆਗੂਆਂ ਨਾਲ ਮੰਗ ਕੀਤੀ ਕਿ ਪੰਜਾਬ ਸਰਕਾਰ ਮਾਰਕਫੈਡ ਤੇ ਉੱਚ ਅਧਿਕਾਰੀ ਰੋਪੜ ਵਿਖੇ ਲਏ ਸ਼ੈਲਰ ਮਾਰਕਾਂ ਦੇ ਸਟੋਰਾਂ ਦੀ ਉੱਚ ਪੱਧਰੀ ਜਾਂਚ ਕਰੇ ਤੇ ਵਿਭਾਗ ਵਿੱਚ ਫੈਲ ਰਿਹਾ ਭਰਿਸ਼ਟਾਚਾਰ ਨੂੰ ਫੌਰੀ ਤੌਰ ਤੇ ਰੋਕਿਆ ਜਾਵੇ। ਕਿਸਾਨ ਆਗੂਆਂ ਨੇ ਕਿਹਾ ਕਿ ਕੁੱਝ ਸਮਾਂ ਪਹਿਲਾਂ ਮਾਰਕਫੈਡ ਦੇ ਇੱਕ ਉੱਚ ਅਧਿਕਾਰੀ ਨੇ ਖੁਦਕਸ਼ੀ ਵੀ ਇਸੇ ਕਾਰਨ ਕੀਤੀ ਸੀ।ਕਿਸਾਨ ਆਗੂਆਂ ਨੇ ਕਿਹਾ ਕਿ ਇਸ ਭਰਿਸ਼ਟਾਚਾਰ ਦੇ ਖਿਲਾਫ ਇਲਾਕੇ ਦੀਆਂ ਹੋਰ ਜਥੇਬੰਦੀਆਂ ਨੂੰ ਲੈ ਕੇ ਆਵਾਜ਼ ਬੁਲੰਦ ਕੀਤੀ ਜਾਵੇਗੀ।



# ਮਾਤਾ ਗੁਜਰੀ ਕਾਲਜ ਵਿਖੇ ਨੈਤਿਕਤਾ ਦੀ ਭੂਮਿਕਾ 'ਤੇ ਵਿਸ਼ੇਸ਼ ਲੈਕਚਰ

ਫ਼ਤਿਹਗੜ੍ਹ ਸਾਹਿਬ, 22 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਮਾਤਾ ਗੁਜਰੀ ਕਾਲਜ ਦੇ ਅਰਥ ਸ਼ਾਸਤਰ ਵਿਭਾਗ ਦੀ ਪਲਾਨਿੰਗ ਫੋਰਮ, ਮੈਨੇਜਮੈਂਟ ਸਟੱਡੀਜ਼ ਵਿਭਾਗ ਦੀ ਮੈਨੇਜਮੈਂਟ ਐਸੋਸੀਏਸ਼ਨ ਅਤੇ ਯੂਨੀਵਰਸਲ ਹਿਊਮਨ ਵੈਲਿਊਜ਼ ਸੈੱਲ ਵੱਲੋਂ ਉੱਘੇ ਵਿਦਵਾਨ ਅਤੇ ਕਾਲਜ ਤੋਂ ਸੇਵਾ ਮੁਕਤ ਅਧਿਆਪਕ ਡਾ. ਜਗਜੀਵਨ ਸਿੰਘ ਦੁਆਰਾ 'ਪੇਸ਼ੇਵਰ ਜੀਵਨ ਵਿੱਚ ਨੈਤਿਕਤਾ ਦੀ ਭੂਮਿਕਾ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ।ਲੈਕਚਰ ਦੌਰਾਨ ਡਾ. ਜਗਜੀਵਨ ਸਿੰਘ ਨੇ ਵਿਦਿਆਰਥੀਆਂ ਨੂੰ ਪੇਸ਼ੇਵਰ ਜੀਵਨ ਵਿੱਚ ਨੈਤਿਕਤਾ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਨੈਤਿਕਤਾ ਇੱਕ ਬੁਨਿਆਦੀ ਤੱਤ ਹੈ, ਜੋ ਮਨੁੱਖ ਦੇ ਵਿਵਹਾਰ ਨੂੰ ਸੰਵਾਰਦੀ ਹੈ, ਭਰੋਸਾ ਪੈਦਾ ਕਰਦੀ ਹੈ ਅਤੇ ਸੰਗਠਨ ਦੀ ਲੰਬੇ ਸਮੇਂ ਦੀ ਸਫਲਤਾ ਨੂੰ ਯਕੀਨੀ ਬਣਾਉਂਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨੈਤਿਕਤਾ ਸਿਰਫ਼ ਨਿਯਮਾਂ ਦੀ ਪਾਲਣਾ ਤੱਕ ਸੀਮਿਤ ਨਹੀਂ, ਸਗੋਂ ਉਹ ਮਹੱਤਵਪੂਰਨ ਮੁੱਲ ਹਨ ਜੋ ਮਨੁੱਖ ਨੂੰ ਸਮਾਜ ਪ੍ਰਤੀ ਜ਼ਿੰਮੇਵਾਰ ਬਣਾਉਂਦੇ ਹਨ ਅਤੇ ਸਕਾਰਾਤਮਕ ਮਾਹੌਲ ਉਸਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਿੱਖਿਆ ਭਰਪੂਰ ਲੈਕਚਰ ਵਿਦਿਆਰਥੀਆਂ ਨੂੰ ਸੱਚਾਈ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਜੀਵਨ ਜੀਊਣ ਲਈ ਪ੍ਰੇਰਿਤ ਕਰਦੇ ਹਨ ਅਤੇ ਉਨ੍ਹਾਂ ਵਿੱਚ ਸਹੀ ਫ਼ੈਸਲੇ ਲੈਣ ਦੀ ਸਮਰੱਥਾ ਨੂੰ ਮਜ਼ਬੂਤ ਬਣਾਉਂਦੇ ਹਨ। ਇਸ ਤੋਂ ਪਹਿਲਾਂ ਅਰਥ ਸ਼ਾਸਤਰ ਵਿਭਾਗ ਦੇ ਮੁਖੀ ਡਾ. ਜੁਪਿੰਦਰ ਸਿੰਘ ਨੇ ਮੁੱਖ ਵਕਤਾ ਦਾ ਸਵਾਗਤ ਕਰਦਿਆਂ ਕਿਹਾ ਕਿ ਡਾ. ਜਗਜੀਵਨ ਸਿੰਘ ਵਰਗੇ ਅਨੁਭਵੀ ਵਿਦਵਾਨਾਂ ਦੇ ਵਿਚਾਰ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਬਣਦੇ ਹਨ। ਸਮਾਗਮ ਦੇ ਅਖੀਰ ਵਿੱਚ ਡਾ. ਜਗਪਾਲ ਸਿੰਘ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਮੌਕੇ ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਮੁਖੀ ਡਾ. ਕਮਲਪ੍ਰੀਤ ਕੌਰ, ਡਾ. ਸ਼ਿਵਾਨੀ ਬੈਕਟਰ, ਡਾ. ਗੁਰਜਿੰਦਰ ਕੌਰ, ਹੋਰ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।



# ਜਿਨਸੀ ਸ਼ੋਸ਼ਣ ਪੀੜਤ ਬੱਚੇ ਦੇ ਪਰਿਵਾਰ ਨੂੰ 5 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦੇ ਹੁਕਮ

ਕਰਨਾਲ/ਪਾਣੀਪਤ, 22 ਅਪ੍ਰੈਲ (ਚ. ਨ. ਸ.): ਹਰਿਆਣਾ ਦੇ ਪਾਣੀਪਤ ਜ਼ਿਲ੍ਹੇ ਵਿੱਚ ਸਥਿਤ ਜੁਵੇਨਾਈਲ ਜਸਟਿਸ ਬੋਰਡ ਨੇ ਇੱਕ ਅਹਿਮ ਫੈਸਲਾ ਸੁਣਾਉਂਦਿਆਂ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ ਇੱਕ ਨਾਬਾਲਗ ਲੜਕੇ ਦੇ ਪਰਿਵਾਰ ਨੂੰ 5 ਲੱਖ ਰੁਪਏ ਦੀ ਰਾਹਤ ਰਾਸ਼ੀ ਦੇਣ ਦੇ ਹੁਕਮ ਦਿੱਤੇ ਹਨ। ਇਹ ਮਾਮਲਾ ਕਰੀਬ ਦੋ ਸਾਲ ਪਹਿਲਾਂ ਦਾ ਹੈ, ਜਿਸ ਵਿੱਚ ਇੱਕ ਸੱਤ ਸਾਲਾ ਮਾਸੂਮ ਬੱਚੇ ਨਾਲ ਕੁਦਰਤ ਵਿਰੋਧੀ ਜਿਨਸੀ ਸ਼ੋਸ਼ਣ ਦੀ ਘਿਨਾਉਣੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ। ਬੋਰਡ ਨੇ ਪੀੜਤ ਦੇ ਮੁੜ ਵਸੇਬੇ ਅਤੇ ਸਿੱਖਿਆ ਨੂੰ ਮੁੱਖ ਰੱਖਦਿਆਂ ਇਹ ਵਿੱਤੀ ਸਹਾਇਤਾ ਪ੍ਰਵਾਨ ਕੀਤੀ ਹੈ। ਪਾਣੀਪਤ ਜੁਵੇਨਾਈਲ ਜਸਟਿਸ ਬੋਰਡ ਦੇ ਪ੍ਰਿੰਸੀਪਲ ਮੈਜਿਸਟ੍ਰੇਟ ਪੁਨੀਤ ਲਿੰਬਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਾਬਾਲਗਾਂ ਨਾਲ ਜੁੜੇ ਮਾਮਲਿਆਂ ਵਿੱਚ ਸਿਰਫ਼ ਸਜ਼ਾ ਹੀ ਕਾਫ਼ੀ ਨਹੀਂ ਹੈ, ਸਗੋਂ ਪੀੜਤ ਦਾ ਮੁੜ ਵਸੇਬਾ ਅਤੇ ਸਮਾਜਿਕ ਸਹਾਇਤਾ ਵੀ ਬਹੁਤ ਜ਼ਰੂਰੀ ਹੈ। ਬੋਰਡ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ, ਕੁੱਲ 5 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਵਿੱਚੋਂ 2 ਲੱਖ ਰੁਪਏ ਤੁਰੰਤ ਅੰਤਰਿਮ ਸਹਾਇਤਾ ਵਜੋਂ ਪੀੜਤ ਦੇ ਮਾਤਾ-ਪਿਤਾ ਦੇ ਬੈਂਕ ਖਾਤੇ ਵਿੱਚ ਤਬਦੀਲ ਕਰ ਦਿੱਤੇ ਗਏ ਹਨ, ਤਾਂ ਜੋ ਬੱਚੇ ਦੀ ਪੜ੍ਹਾਈ ਦਾ ਖਰਚਾ ਸੁਚਾਰੂ ਰੂਪ ਵਿੱਚ ਚੱਲ ਸਕੇ। ਬਾਕੀ ਰਹਿੰਦੀ 3 ਲੱਖ ਰੁਪਏ ਦੀ ਰਾਸ਼ੀ ਪੀੜਤ ਦੇ ਨਾਂ 'ਤੇ ਫਿਕਸਡ ਡਿਪਾਜ਼ਿਟ (64) ਵਜੋਂ ਜਮ੍ਹਾਂ ਕਰਵਾਈ ਗਈ ਹੈ, ਜਿਸ ਦੀ ਵਰਤੋਂ ਪੀੜਤ ਦੇ 18 ਸਾਲ ਦੀ ਉਮਰ ਪੂਰੀ ਕਰਨ ਤੋਂ ਬਾਅਦ ਉਸ ਦੇ ਭਵਿੱਖ ਲਈ ਕੀਤੀ ਜਾ ਸਕੇਗੀ।

ਜ਼ਿਕਰਯੋਗ ਹੈ ਕਿ ਇਹ ਮਾਮਲਾ 24 ਜਨਵਰੀ 2024 ਨੂੰ ਪਾਣੀਪਤ ਦੇ ਸਮਾਲਖਾ ਪੁਲਿਸ ਸਟੇਸ਼ਨ ਵਿੱਚ ਪ੍ਰੋਟੈਕਸ਼ਨ ਆਫ਼ ਚਿਲਡਰਨ ਫਰੌਮ ਸੈਕਸੁਅਲ ਆਫੈਂਸ (POCSO) ਐਕਟ, 2012 ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦਰਜ ਕੀਤਾ ਗਿਆ ਸੀ। ਘਟਨਾ ਦੇ ਸਮੇਂ ਪੀੜਤ ਦੀ ਉਮਰ ਮਹਿਜ਼ ਸੱਤ ਸਾਲ ਸੀ। ਮਾਮਲੇ ਦੀ ਸੁਣਵਾਈ ਦੌਰਾਨ ਪੀੜਤ ਬੱਚੇ ਦੇ ਬਿਆਨ ਕਲਮਬੱਧ ਕੀਤੇ ਗਏ ਅਤੇ ਉਸ ਦੇ ਮਾਪਿਆਂ ਨੇ ਵੀ ਅਦਾਲਤ ਵਿੱਚ ਆਪਣੀ ਗਵਾਹੀ ਦਰਜ ਕਰਵਾਈ। ਦੋਸ਼ੀ ਪੱਖ ਦਾ ਮੈਡੀਕਲ ਮੁਆਇਨਾ ਵੀ ਕਰਵਾਇਆ ਗਿਆ ਸੀ। ਸਾਰੇ ਤੱਥਾਂ ਅਤੇ ਸਬੂਤਾਂ ਨੂੰ ਘੋਖਣ ਤੋਂ ਬਾਅਦ ਬੋਰਡ ਨੇ ਪਾਇਆ ਕਿ ਪੀੜਤ ਪਰਿਵਾਰ ਨੂੰ ਮਾਨਸਿਕ ਅਤੇ ਆਰਥਿਕ ਮਦਦ ਦੀ ਸਖ਼ਤ ਲੋੜ ਹੈ।ਦੂਜੇ ਪਾਸੇ, ਇਸ ਮਾਮਲੇ ਵਿੱਚ ਸ਼ਾਮਲ ਮੁੱਖ ਦੋਸ਼ੀ, ਜੋ ਕਿ ਖੁਦ ਵੀ ਇੱਕ ਨਾਬਾਲਗ ਹੈ, ਬਾਰੇ ਵੀ ਬੋਰਡ ਨੇ ਸਥਿਤੀ ਸਪੱਸ਼ਟ ਕੀਤੀ ਹੈ। ਘਟਨਾ ਵੇਲੇ ਦੋਸ਼ੀ ਦੀ ਉਮਰ ਲਗਭਗ 15 ਸਾਲ ਸੀ। ਉਹ ਪਿਛਲੇ ਦੋ ਸਾਲ, ਦੋ ਮਹੀਨੇ ਅਤੇ 17 ਦਿਨਾਂ ਤੋਂ ਜੁਵੇਨਾਈਲ ਸੁਧਾਰ ਕੇਂਦਰ ਵਿੱਚ ਨਜ਼ਰਬੰਦ ਸੀ। ਹੁਣ ਬੋਰਡ ਨੇ ਦੋਸ਼ੀ ਨਾਬਾਲਗ ਨੂੰ ਛੇ ਮਹੀਨਿਆਂ ਦੀ ਪ੍ਰੋਬੇਸ਼ਨ (ਪਰਖ ਦੀ ਮਿਆਦ) 'ਤੇ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ। ਰਿਹਾਈ ਦੇ ਨਾਲ-ਨਾਲ ਬੋਰਡ ਨੇ ਦੋਸ਼ੀ ਲਈ ਕੁਝ ਸਖ਼ਤ ਹਦਾਇਤਾਂ ਵੀ ਜਾਰੀ ਕੀਤੀਆਂ ਹਨ। ਉਸ ਨੂੰ ਲਾਜ਼ਮੀ ਤੌਰ 'ਤੇ ਕੌਂਸਲਿੰਗ ਸੈਸ਼ਨਾਂ ਵਿੱਚ ਹਿੱਸਾ ਲੈਣਾ ਪਵੇਗਾ ਅਤੇ ਨੈਤਿਕ ਸਿੱਖਿਆ ਤੇ ਵਿਵਹਾਰ ਸੁਧਾਰ ਪ੍ਰੋਗਰਾਮਾਂ ਦਾ ਹਿੱਸਾ ਬਣਨਾ ਹੋਵੇਗਾ ਤਾਂ ਜੋ ਉਸ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਵਾਪਸ ਲਿਆਂਦਾ ਜਾ ਸਕੇ। ਪ੍ਰਿੰਸੀਪਲ ਮੈਜਿਸਟ੍ਰੇਟ ਪੁਨੀਤ ਲਿੰਬਾ ਨੇ ਆਪਣੇ ਬਿਆਨ ਵਿੱਚ ਜ਼ੋਰ ਦੇ ਕੇ ਕਿਹਾ ਕਿ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਮਾਪਿਆਂ ਦੀ ਜ਼ਿੰਮੇਵਾਰੀ ਸਭ ਤੋਂ ਅਹਿਮ ਹੁੰਦੀ ਹੈ। ਉਨ੍ਹਾਂ ਕਿਹਾ ਕਿ ਨਾਬਾਲਗ ਅਪਰਾਧਾਂ ਨੂੰ ਰੋਕਣ ਲਈ ਬੱਚਿਆਂ ਨੂੰ ਸਹੀ ਮਾਰਗਦਰਸ਼ਨ ਦੇਣਾ ਅਤੇ ਉਨ੍ਹਾਂ ਦੇ ਵਿਵਹਾਰ 'ਤੇ ਨਜ਼ਰ ਰੱਖਣਾ ਪਰਿਵਾਰ ਦਾ ਮੁਢਲਾ ਫਰਜ਼ ਹੈ। ਬੋਰਡ ਨੇ ਉਮੀਦ ਜਤਾਈ ਕਿ ਦਿੱਤੀ ਗਈ ਵਿੱਤੀ ਸਹਾਇਤਾ ਪੀੜਤ ਬੱਚੇ ਦੇ ਜ਼ਖ਼ਮਾਂ ਨੂੰ ਭਰਨ ਵਿੱਚ ਤਾਂ ਸ਼ਾਇਦ ਪੂਰੀ ਤਰ੍ਹਾਂ ਕਾਮਯਾਬ ਨਾ ਹੋਵੇ, ਪਰ ਇਹ ਉਸ ਦੇ ਸਿੱਖਿਆ ਅਤੇ ਉੱਜਵਲ ਭਵਿੱਖ ਦੀ ਨੀਂਹ ਜ਼ਰੂਰ ਰੱਖੇਗੀ। ਇਸ ਫੈਸਲੇ ਦੀ ਕਾਨੂੰਨੀ ਮਾਹਿਰਾਂ ਵੱਲੋਂ ਵੀ ਸ਼ਲਾਘਾ ਕੀਤੀ ਜਾ ਰਹੀ ਹੈ, ਜੋ ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਇੱਕ ਮੀਲ ਪੱਥਰ ਸਾਬਤ ਹੋਵੇਗਾ।

# ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਦੀਆਂ ਵਿਦਿਆਰਥਣਾਂ ਨੇ ਕੀਤਾ ਕਾਲਜ ਦਾ ਨਾਮ ਰੌਸ਼ਨ

ਲੁਧਿਆਣਾ,22 ਅਪਰੈਲ(ਜਤਿੰਦਰਪਾਲ ਸਿੰਘ ਛਾਬੜਾ): ਰਾਮਗੜ੍ਹੀਆ ਗਰਲਜ਼ ਕਾਲਜ, ਲੁਧਿਆਣਾ ਲਈ ਇਹ ਬਹੁਤ ਖੁਸ਼ੀ ਅਤੇ ਮਾਣ ਦੀ ਗੱਲ ਹੈ ਕਿ ਐਮ.ਏ. ਸੰਗੀਤ (ਗਾਇਨ) ਸੈਮੇਸਟਰ ਪਹਿਲਾ ਦੀਆਂ ਵਿਦਿਆਰਥਣਾਂ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀਆਂ ਦਸੰਬਰ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਐਮ.ਏ. ਦਾ ਨਤੀਜਾ ਜਿੱਥੇ ਸੌ ਫ਼ੀਸਦੀ ਰਿਹਾ, ਉੱਥੇ ਹੀ ਤਿੰਨ ਯੂਨੀਵਰਸਿਟੀ ਪੋਜ਼ੀਸ਼ਨਾਂ ਵੀ ਪ੍ਰਾਪਤ ਕੀਤੀਆਂ ਗਈਆਂ।



ਕਾਲਜ ਦੀ ਵਿਦਿਆਰਥਣ ਸੁਖਦੀਪ ਕੌਰ ਨੇ 80% ਅੰਕ ਪ੍ਰਾਪਤ ਕਰਕੇ ਪੰਜਾਬ ਯੂਨੀਵਰਸਿਟੀ ਵਿੱਚ ਤੀਜਾ ਸਥਾਨ ਹਾਸਲ ਕੀਤਾ ਅਤੇ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਤਰਨਜੀਤ ਕੌਰ ਲਾਂਬਾ ਨੇ 75.5% ਅੰਕਾਂ ਨਾਲ ਪੰਜਾਬ ਯੂਨੀਵਰਸਿਟੀ ਵਿੱਚ ਨੌਵਾਂ ਸਥਾਨ ਪ੍ਰਾਪਤ ਕੀਤਾ ਅਤੇ ਕਾਲਜ ਵਿੱਚ ਦੂਜਾ ਸਥਾਨ ਹਾਸਲ ਕੀਤਾ। ਇਸੇ ਦੌਰਾਨ ਪਾਰੁਲ ਰਾਵਤ ਨੇ 75% ਅੰਕ ਪ੍ਰਾਪਤ ਕਰਕੇ ਪੰਜਾਬ ਯੂਨੀਵਰਸਿਟੀ ਵਿੱਚ ਦਸਵਾਂ ਸਥਾਨ ਹਾਸਲ ਕੀਤਾ ਅਤੇ ਕਾਲਜ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਖੁਸ਼ੀ ਦੇ ਮੌਕੇ 'ਤੇ ਕਾਲਜ ਦੀ ਪ੍ਰਿੰਸੀਪਲ ਡਾ. ਅਜੀਤ ਕੌਰ ਨੇ ਵਿਦਿਆਰਥਣਾਂ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਉਪਲਬਧੀ ਨਾ ਸਿਰਫ਼ ਵਿਦਿਆਰਥਣਾਂ ਦੀ ਮਿਹਨਤ ਦਾ ਨਤੀਜਾ ਹੈ, ਸਗੋਂ ਸੰਗੀਤ ਵਿਭਾਗ ਦੇ ਸਮਰਪਿਤ ਅਧਿਆਪਕਾਂ ਦੀ ਰਹਿਨੁਮਾਈ ਦਾ ਵੀ ਪਰਿਣਾਮ ਹੈ।ਇਸ ਮੌਕੇ ਉਨ੍ਹਾਂ ਨੇ ਸੰਗੀਤ ਵਿਭਾਗ ਦੀ ਦੇ ਮੁਖੀ ਡਾ. ਚਰਨਜੀਤ ਕੌਰ ਨੂੰ ਵੀ ਵਧਾਈ ਦਿੱਤੀ। ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸ. ਰਣਜੋਧ ਸਿੰਘ ਨੇ ਵੀ ਵਿਦਿਆਰਥਣਾਂ ਦੀ ਇਸ ਸਫਲਤਾ 'ਤੇ ਖੁਸ਼ੀ ਪ੍ਰਗਟਾਈ ਅਤੇ ਕਿਹਾ ਕਿ ਇਸ ਤਰ੍ਹਾਂ ਦੀਆਂ ਉਪਲਬਧੀਆਂ ਹੋਰ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਬਣਦੀਆਂ ਹਨ

# ਸਿੱਖਿਆ ਜਗਤ 'ਚ ਵੱਡਾ ਬਦਲਾਅ; ਦੁਨੀਆਂ ਭਰ ਦੇ 58% ਸਕੂਲਾਂ 'ਚ ਮੋਬਾਈਲ ਫ਼ੋਨਾਂ 'ਤੇ ਲੱਗੀ ਪਾਬੰਦੀ, 3 ਸਾਲਾਂ 'ਚ ਅੰਕੜਾ ਹੋਇਆ ਦੁੱਗਣਾ

ਚੰਡੀਗੜ੍ਹ, 22 ਅਪ੍ਰੈਲ(ਚ.ਨ.ਸ): ਦੁਨੀਆ ਭਰ ਦੇ ਸਕੂਲਾਂ ਵਿੱਚ ਮੋਬਾਈਲ ਫੋਨਾਂ ਦੀ ਵਰਤੋਂ ਨੂੰ ਲੈ ਕੇ ਚੱਲ ਰਹੀ ਬਹਿਸ ਹੁਣ ਇੱਕ ਵੱਡੇ ਬਦਲਾਅ ਵੱਲ ਮੁੜ ਗਈ ਹੈ। ਯੂਨੈਸਕੋ ਦੀ ਗਲੋਬਲ ਐਜੂਕੇਸ਼ਨ ਮਾਨੀਟਰਿੰਗ ਰਿਪੋਰਟ 2026 ਦੇ ਤਾਜ਼ਾ ਅੰਕੜਿਆਂ ਨੇ ਸਨਸਨੀਖੇਜ਼ ਖੁਲਾਸਾ ਕੀਤਾ ਹੈ ਕਿ ਪਿਛਲੇ ਤਿੰਨ ਸਾਲਾਂ ਵਿੱਚ ਵਿਸ਼ਵ ਪੱਧਰ 'ਤੇ ਸਕੂਲਾਂ ਵਿੱਚ ਮੋਬਾਈਲ 'ਤੇ ਪਾਬੰਦੀ ਲਗਾਉਣ ਵਾਲੇ ਦੇਸ਼ਾਂ ਦੀ ਗਿਣਤੀ ਦੁੱਗਣੀ ਤੋਂ ਵੀ ਵੱਧ ਹੋ ਗਈ ਹੈ। ਸਾਲ 2023 ਵਿੱਚ ਜਿੱਥੇ ਸਿਰਫ਼ 24 ਫ਼ੀਸਦੀ ਦੇਸ਼ਾਂ ਨੇ ਅਜਿਹੀ ਪਾਬੰਦੀ ਲਗਾਈ ਸੀ, ਉੱਥੇ ਹੀ 2026 ਤੱਕ ਇਹ ਅੰਕੜਾ ਵੱਧ ਕੇ 58 ਫ਼ੀਸਦੀ ਤੱਕ ਪਹੁੰਚ ਗਿਆ ਹੈ। ਇਸ ਸਮੇਂ ਦੁਨੀਆ ਭਰ ਦੇ 114 ਸਿੱਖਿਆ ਪ੍ਰਣਾਲੀਆਂ ਨੇ ਰਾਸ਼ਟਰੀ ਪੱਧਰ 'ਤੇ ਮੋਬਾਈਲ ਫੋਨਾਂ 'ਤੇ ਸਖ਼ਤ ਪਾਬੰਦੀਆਂ ਲਾਗੂ ਕਰ ਦਿੱਤੀਆਂ ਹਨ। ਭਾਰਤ ਵਿੱਚ ਹਾਲਾਂਕਿ ਅਜੇ ਤੱਕ ਕੋਈ ਕੇਂਦਰੀ ਜਾਂ ਰਾਸ਼ਟਰੀ ਨੀਤੀ ਨਹੀਂ ਬਣੀ ਹੈ, ਪਰ ਵੱਖ-ਵੱਖ ਰਾਜਾਂ ਨੇ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਪੱਧਰ 'ਤੇ ਵੱਡੇ ਫੈਸਲੇ ਲੈਣੇ ਸ਼ੁਰੂ ਕਰ ਦਿੱਤੇ ਹਨ। ਇਸ ਕੜੀ ਵਿੱਚ ਹਿਮਾਚਲ ਪ੍ਰਦੇਸ਼ ਸਰਕਾਰ ਨੇ ਇੱਕ ਇਤਿਹਾਸਕ ਕਦਮ ਚੁੱਕਦਿਆਂ ਮਾਰਚ 2026 ਤੋਂ ਰਾਜ ਦੇ ਸਾਰੇ ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਵਿਦਿਆਰਥੀਆਂ ਦੁਆਰਾ ਮੋਬਾਈਲ ਫੋਨ ਲਿਆਉਣ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਹੈ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਕੋਈ ਵਿਦਿਆਰਥੀ ਸਕੂਲ ਵਿੱਚ ਫੋਨ ਨਾਲ ਫੜਿਆ ਜਾਂਦਾ ਹੈ, ਤਾਂ ਉਸ ਨੂੰ 500 ਰੁਪਏ ਜੁਰਮਾਨਾ ਕੀਤਾ ਜਾਵੇਗਾ ਅਤੇ ਫੋਨ ਜ਼ਬਤ ਕਰ ਲਿਆ ਜਾਵੇਗਾ। ਇਸ ਤੋਂ ਇਲਾਵਾ ਮਾਪਿਆਂ ਲਈ ਕੌਂਸਲਿੰਗ ਸੈਸ਼ਨ ਵੀ ਲਾਜ਼ਮੀ ਕੀਤੇ ਗਏ ਹਨ। ਕਰਨਾਟਕ ਵਰਗੇ ਰਾਜ ਵੀ ਸੋਸ਼ਲ ਮੀਡੀਆ ਦੇ ਮਾੜੇ ਪ੍ਰਭਾਵਾਂ ਨੂੰ ਰੋਕਣ ਲਈ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਡਿਜੀਟਲ ਐਕਸਪੋਜ਼ਰ ਨੂੰ ਸੀਮਤ ਕਰਨ ਦੇ ਪ੍ਰਸਤਾਵਾਂ 'ਤੇ ਵਿਚਾਰ ਕਰ ਰਹੇ ਹਨ। ਰਿਪੋਰਟ ਅਨੁਸਾਰ, ਭਾਰਤ ਵਿੱਚ 85 ਫ਼ੀਸਦੀ ਤੋਂ ਵੱਧ ਘਰਾਂ ਵਿੱਚ ਸਮਾਰਟਫੋਨ ਦੀ ਪਹੁੰਚ ਹੋ ਚੁੱਕੀ ਹੈ, ਜਿਸ ਕਾਰਨ ਕਲਾਸਰੂਮ ਵਿੱਚ ਡਿਸਟਰੈਕਸ਼ਨ (ਭਟਕਣਾ) ਦੀ ਸਮੱਸਿਆ ਗੰਭੀਰ ਰੂਪ ਧਾਰਨ ਕਰ ਰਹੀ ਹੈ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਫਰਾਂਸ ਵਰਗੇ ਦੇਸ਼ਾਂ ਨੇ ਕੁਝ ਖਾਸ ਜਮਾਤਾਂ ਵਿੱਚ ਲਗਭਗ ਪੂਰਨ ਪਾਬੰਦੀ ਲਗਾਈ ਹੋਈ ਹੈ, ਜਦੋਂ ਕਿ ਬਰਤਾਨੀਆ (UK) ਨੇ ਰਾਸ਼ਟਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਪਰ ਲਾਗੂ ਕਰਨ ਦੀ ਜ਼ਿੰਮੇਵਾਰੀ ਸਕੂਲਾਂ @ਤੇ ਛੱਡੀ ਹੈ। ਅਮਰੀਕਾ ਅਤੇ ਜਰਮਨੀ ਵਿੱਚ ਇਹ ਫੈਸਲੇ ਖੇਤਰੀ ਪੱਧਰ @ਤੇ ਲਏ ਜਾ ਰਹੇ ਹਨ। ਵਿਗਿਆਨਕ ਅਧਿਐਨਾਂ ਦੇ ਹਵਾਲੇ ਨਾਲ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮੋਬਾਈਲ ਫੋਨਾਂ @ਤੇ ਪਾਬੰਦੀ ਲਗਾਉਣ ਨਾਲ ਵਿਦਿਆਰਥੀਆਂ ਦੀ ਅਕਾਦਮਿਕ ਕਾਰਗੁਜ਼ਾਰੀ ਵਿੱਚ ਸੁਧਾਰ ਹੁੰਦਾ ਹੈ ਅਤੇ ਕਲਾਸਰੂਮ ਵਿੱਚ ਅਨੁਸ਼ਾਸਨ ਵਧਦਾ ਹੈ। ਹਾਲਾਂਕਿ, ਯੂਨੈਸਕੋ ਨੇ ਸਿਰਫ਼ ਪਾਬੰਦੀ ਨੂੰ ਹੀ ਹੱਲ ਨਹੀਂ ਮੰਨਿਆ। ਮਾਹਿਰਾਂ ਦਾ ਕਹਿਣਾ ਹੈ ਕਿ ਜਿੱਥੇ ਪਾਬੰਦੀ ਜ਼ਰੂਰੀ ਹੈ, ਉੱਥੇ ਹੀ ਵਿਦਿਆਰਥੀਆਂ ਨੂੰ 'ਡਿਜੀਟਲ ਸਾਖਰਤਾ' ਅਤੇ ਤਕਨਾਲੋਜੀ ਦੀ ਜ਼ਿੰਮੇਵਾਰਾਨਾ ਵਰਤੋਂ ਸਿਖਾਉਣਾ ਵੀ ਬੇਹੱਦ ਜ਼ਰੂਰੀ ਹੈ। ਕੋਵਿਡ ਦੇ ਸਮੇਂ ਦੌਰਾਨ ਡਿਜੀਟਲ ਪੜ੍ਹਾਈ ਨੂੰ ਜੋ ਉਤਸ਼ਾਹ ਮਿਲਿਆ ਸੀ, ਹੁਣ ਸਰਕਾਰਾਂ ਉਸ ਤੋਂ ਪਿੱਛੇ ਹਟ ਕੇ ਇੱਕ ਅਜਿਹੇ ਮਾਹੌਲ ਵੱਲ ਵਧ ਰਹੀਆਂ ਹਨ ਜਿੱਥੇ ਪੜ੍ਹਾਈ ਦਾ ਕੇਂਦਰ ਮੋਬਾਈਲ ਸਕ੍ਰੀਨ ਦੀ ਬਜਾਏ ਅਸਲ ਸਿੱਖਿਆ ਅਤੇ ਸਿੱਖਣ ਦੇ ਨਤੀਜੇ ਹੋਣ। ਇਹ ਬਦਲਾਅ ਦਰਸਾਉਂਦਾ ਹੈ ਕਿ ਹੁਣ ਪੂਰੀ ਦੁਨੀਆ ਬੱਚਿਆਂ ਦੇ ਮਾਨਸਿਕ ਸਿਹਤ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸਕ੍ਰੀਨ ਟਾਈਮ ਨੂੰ ਘਟਾਉਣ ਦੇ ਹੱਕ ਵਿੱਚ ਖੜ੍ਹੀ ਹੈ।

# ਜਸਟਿਸ ਵਰਮਾ ਖਿਲਾਫ਼ ਪੁਖ਼ਤਾ ਸਬੂਤ ਮੌਜੂਦ: ਜਾਂਚ ਕਮੇਟੀ ਦੇ ਵਕੀਲਾਂ ਦਾ ਵੱਡਾ ਦਾਅਵਾ

ਨਵੀਂ ਦਿੱਲੀ, 22 ਅਪ੍ਰੈਲ (ਚ.ਨ.ਸ.): ਜਸਟਿਸ ਯਸ਼ਵੰਤ ਵਰਮਾ ਦੇ ਦਿੱਲੀ ਸਥਿਤ ਸਰਕਾਰੀ ਨਿਵਾਸ ਤੋਂ ਵੱਡੀ ਮਾਤਰਾ ਵਿੱਚ ਨਕਦੀ ਮਿਲਣ ਦੇ ਮਾਮਲੇ ਵਿੱਚ ਇੱਕ ਨਵਾਂ ਮੋੜ ਆਇਆ ਹੈ। ਜਸਟਿਸ ਅਰਵਿੰਦ ਕੁਮਾਰ ਕਮੇਟੀ ਦੀ ਸਹਾਇਤਾ ਕਰ ਰਹੇ ਸੀਨੀਅਰ ਵਕੀਲਾਂ ਨੇ ਸਪੱਸ਼ਟ ਕੀਤਾ ਹੈ ਕਿ ਕਾਰਵਾਈ ਦੌਰਾਨ ਪੇਸ਼ ਕੀਤੇ ਗਏ ਸਬੂਤ ਜਸਟਿਸ ਵਰਮਾ ਵਿਰੁੱਧ ਲੱਗੇ ਦੋਸ਼ਾਂ ਨੂੰ ਸਾਬਤ ਕਰਨ ਲਈ ਕਾਫੀ ਹਨ। ਵਕੀਲਾਂ ਅਨੁਸਾਰ ਇਹ ਸਬੂਤ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਲਈ ਸੰਸਦ ਵਿੱਚ ਪੇਸ਼ ਕੀਤੇ ਗਏ ਮਤੇ ਦਾ ਮੁੱਖ ਆਧਾਰ ਹਨ। ਜੱਜ ਇਨਕੁਆਰੀ ਕਮੇਟੀ ਐਕਟ ਤਹਿਤ ਨਿਯੁਕਤ ਸੀਨੀਅਰ ਵਕੀਲ ਰਾਜਕੁਮਾਰ ਭਾਸਕਰ ਠਾਕਰੇ ਅਤੇ ਐਸ਼ਵਰਿਆ ਭਾਟੀ ਨੇ ਕਮੇਟੀ ਨੂੰ ਦਿੱਤੀ ਆਪਣੀ ਰਿਪੋਰਟ ਵਿੱਚ ਜਸਟਿਸ ਵਰਮਾ ਵੱਲੋਂ ਜਾਂਚ ਤੋਂ ਪਿੱਛੇ ਹਟਣ ਦੇ ਫੈਸਲੇ 'ਤੇ ਤਿੱਖੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜਸਟਿਸ ਵਰਮਾ ਵੱਲੋਂ 9 ਅਪ੍ਰੈਲ ਨੂੰ ਜਾਂਚ ਤੋਂ ਹਟਣ ਲਈ ਲਿਖਿਆ ਗਿਆ ਪੱਤਰ ਦਰਅਸਲ ਇੱਕ ਅਜਿਹਾ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਹੈ, ਜਿਸ ਰਾਹੀਂ ਉਹ ਜਾਂਚ ਪ੍ਰਕਿਰਿਆ ਨੂੰ ਪੱਖਪਾਤੀ ਸਾਬਤ ਕਰਨਾ ਚਾਹੁੰਦੇ ਹਨ, ਜਦੋਂਕਿ ਅਸਲੀਅਤ ਵਿੱਚ ਅਜਿਹਾ ਕੁਝ ਵੀ ਨਹੀਂ ਹੈ। ਵਕੀਲਾਂ ਦਾ ਕਹਿਣਾ ਹੈ ਕਿ ਜਦੋਂ ਜੱਜ ਨੂੰ ਗੁਣਾਂ-ਦੋਸ਼ਾਂ ਦੇ ਆਧਾਰ 'ਤੇ ਜਵਾਬ ਦੇਣ ਲਈ ਕਿਹਾ ਗਿਆ, ਤਾਂ ਉਨ੍ਹਾਂ ਨੇ ਅਸਤੀਫ਼ਾ ਦੇ ਕੇ ਜਾਂਚ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ।

ਸੀਨੀਅਰ ਵਕੀਲਾਂ ਨੇ ਕਮੇਟੀ ਸਾਹਮਣੇ ਤਿੰਨ ਮੁੱਖ ਦੋਸ਼ਾਂ ਦਾ ਜ਼ਿਕਰ ਕੀਤਾ ਜੋ ਸਬੂਤਾਂ ਰਾਹੀਂ ਸਿੱਧ ਹੁੰਦੇ ਜਾਪਦੇ ਹਨ। ਪਹਿਲਾ ਦੋਸ਼ ਸਰਕਾਰੀ ਰਿਹਾਇਸ਼ 'ਤੇ ਬਿਨਾਂ ਕਿਸੇ ਹਿਸਾਬ-ਕਿਤਾਬ ਦੇ ਭਾਰਤੀ ਕਰੰਸੀ ਦਾ ਮਿਲਣਾ ਹੈ। ਦੂਜਾ ਦੋਸ਼ ਅਹਿਮ ਸਬੂਤਾਂ ਨੂੰ ਸੰਭਾਲ ਕੇ ਨਾ ਰੱਖਣਾ ਅਤੇ ਉਨ੍ਹਾਂ ਨਾਲ ਛੇੜਛਾੜ ਕਰਨਾ ਹੈ, ਅਤੇ ਤੀਜਾ ਦੋਸ਼ ਜਾਂਚ ਦੌਰਾਨ ਗੁੰਮਰਾਹਕੁੰਨ ਅਤੇ ਟਾਲ-ਮਟੋਲ ਵਾਲੇ ਬਿਆਨ ਦੇਣਾ ਹੈ। ਠਾਕਰੇ ਅਤੇ ਭਾਟੀ ਨੇ ਕਿਹਾ ਕਿ ਜਸਟਿਸ ਵਰਮਾ ਨੂੰ ਇਹ ਜਵਾਬ ਦੇਣਾ ਹੀ ਪਵੇਗਾ ਕਿ ਲੁਟੀਅਨਜ਼ ਜ਼ੋਨ ਵਰਗੇ ਵੀ.ਆਈ.ਪੀ. ਇਲਾਕੇ ਵਿੱਚ ਸਥਿਤ ਉਨ੍ਹਾਂ ਦੇ ਸਰਕਾਰੀ ਬੰਗਲੇ ਦੇ ਇੱਕ ਕਮਰੇ ਵਿੱਚ ਇੰਨੀ ਵੱਡੀ ਮਾਤਰਾ ਵਿੱਚ ਨਕਦੀ ਕਿੱਥੋਂ ਆਈ। ਜਸਟਿਸ ਵਰਮਾ ਵੱਲੋਂ ਜਾਂਚ ਕਮੇਟੀ 'ਤੇ ਲਾਏ ਗਏ ਦੋਸ਼ਾਂ ਨੂੰ ਵਕੀਲਾਂ ਨੇ ਮੰਦਭਾਗਾ ਅਤੇ ਅਦਾਲਤ ਦੀ ਮਾਣਹਾਨੀ ਵਾਲਾ ਦੱਸਿਆ ਹੈ। ਜਸਟਿਸ ਵਰਮਾ ਨੇ ਦੋਸ਼ ਲਾਇਆ ਸੀ ਕਿ ਕਮੇਟੀ ਨੇ ਜਾਣਬੁੱਝ ਕੇ ਉਨ੍ਹਾਂ ਗਵਾਹਾਂ ਨੂੰ ਹਟਾ ਦਿੱਤਾ ਜੋ ਉਨ੍ਹਾਂ ਦੇ ਪੱਖ ਵਿੱਚ ਗਵਾਹੀ ਦੇ ਸਕਦੇ ਸਨ। ਇਸ ਦੇ ਜਵਾਬ ਵਿੱਚ ਵਕੀਲਾਂ ਨੇ ਕਿਹਾ ਕਿ ਕੁਝ ਗਵਾਹਾਂ ਨੂੰ ਨਾ ਬੁਲਾਉਣ ਦਾ ਫੈਸਲਾ ਇਸ ਲਈ ਲਿਆ ਗਿਆ ਕਿਉਂਕਿ ਪਹਿਲਾਂ ਤੋਂ ਮੌਜੂਦ ਦਸਤਾਵੇਜ਼ੀ ਅਤੇ ਜ਼ੁਬਾਨੀ ਸਬੂਤ ਦੋਸ਼ਾਂ ਨੂੰ ਸਾਬਤ ਕਰਨ ਲਈ ਕਾਫੀ ਸਨ। ਵਕੀਲਾਂ ਨੇ ਅੱਗੇ ਕਿਹਾ ਕਿ ਜੇਕਰ ਜਸਟਿਸ ਵਰਮਾ ਨੂੰ ਸੱਚਮੁੱਚ ਲੱਗਦਾ ਸੀ ਕਿ ਉਨ੍ਹਾਂ ਖਿਲਾਫ਼ ਕੋਈ ਸਬੂਤ ਨਹੀਂ ਹੈ, ਤਾਂ ਉਨ੍ਹਾਂ ਨੂੰ ਜਾਂਚ ਦਾ ਸਾਹਮਣਾ ਕਰਨਾ ਚਾਹੀਦਾ ਸੀ, ਤਾਂ ਜੋ ਉਹ ਬੇਗੁਨਾਹ ਸਾਬਤ ਹੋ ਸਕਦੇ। ਰਿਪੋਰਟ ਅਨੁਸਾਰ, ਜਸਟਿਸ ਵਰਮਾ ਨੇ ਖੁਦ ਵੀ ਕੁਝ ਤੱਥਾਂ ਨੂੰ ਨਕਾਰਿਆ ਨਹੀਂ ਹੈ, ਜਿਵੇਂ ਕਿ ਉਨ੍ਹਾਂ ਦੇ ਸਟੋਰ ਰੂਮ ਵਿੱਚ ਨਕਦੀ ਦੀ ਮੌਜੂਦਗੀ ਅਤੇ ਅੱਗ ਲੱਗਣ ਦੀ ਘਟਨਾ ਤੋਂ ਬਾਅਦ ਉੱਥੋਂ ਅੱਧ-ਸੜੇ ਹੋਏ ਨੋਟਾਂ ਦੇ ਬੰਡਲ ਹਟਾਇਆ ਜਾਣਾ। ਇਹ ਸਾਰੀਆਂ ਗਤੀਵਿਧੀਆਂ ਉਸ ਸਮੇਂ ਹੋਈਆਂ ਜਦੋਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਅਤੇ ਨਿੱਜੀ ਸਟਾਫ ਉੱਥੇ ਮੌਜੂਦ ਸਨ। ਹੁਣ ਜਾਂਚ ਕਮੇਟੀ ਇਨ੍ਹਾਂ ਤੱਥਾਂ ਦੇ ਅਧਾਰ 'ਤੇ ਆਪਣੀ ਅਗਲੀ ਕਾਰਵਾਈ ਤੈਅ ਕਰੇਗੀ।

# ਲਿਟਲ ਜੀਨੀਅਸ ਸਕੂਲ ਵਿੱਚ ਵਿਸ਼ਵ ਧਰਤੀ ਦਿਵਸ ਮਨਾਇਆ

ਰੂਪਨਗਰ, 22 ਅਪ੍ਰੈਲ ( ਅਮਿਤ ਅਰੋੜਾ ): ਲਿਟਲ ਜੀਨੀਅਸ



ਸਕੂਲ ਵਿੱਚ ਵਿਸ਼ਵ ਧਰਤੀ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰਿੰਸੀਪਲ ਹਰਮਿੰਦਰ ਕੌਰ ਨੇ ਬੱਚਿਆਂ ਨੂੰ ਧਰਤੀ ਬਚਾਉਣ ਬਾਰੇ ਜਾਗਰੂਕ ਕੀਤਾ। ਤੀਜੀ ਤੋਂ ਪੰਜਵੀਂ ਜਮਾਤ ਦੇ ਬੱਚਿਆਂ ਨੇ @ਰੁੱਖ ਲਗਾਓ, ਜੀਵਨ ਬਚਾਓ@ ਵਿਸ਼ੇ @ਤੇ ਪੋਸਟਰ ਅਤੇ ਸਲੋਗਨ ਮੁਕਾਬਲੇ ਵਿੱਚ ਹਿੱਸਾ ਲਿਆ। ਬੱਚਿਆਂ ਨੇ ਪਾਣੀ ਬਚਾਉਣ ਤੇ ਪਲਾਸਟਿਕ ਘਟਾਉਣ ਦਾ ਸੁਨੇਹਾ ਦਿੱਤਾ। ਪ੍ਰੋਗਰਾਮ ਦੇ ਅੰਤ ਵਿੱਚ ਸਭ ਨੇ ਧਰਤੀ ਹਰੀ-ਭਰੀ ਬਣਾਉਣ ਤੇ ਪਲਾਸਟਿਕ ਨਾ ਵਰਤਣ ਦੀ ਸਹੁੰ ਚੁੱਕੀ। ਮੁੱਖ ਪ੍ਰਬੰਧਕ ਸੂਬਾ ਭੁਪਿੰਦਰ ਸਿੰਘ ਅਤੇ ਗੁਣਵੰਤ ਕੌਰ ਨੇ ਬੱਚਿਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਡੇਰਾਬੱਸੀ ਦਾ ਵਾਰਡ ਨੰਬਰ 3 ਜਿੱਥੇ ਸਵੱਛ ਭਾਰਤ ਅਭਿਆਨ ਦੀ ਨਿਕਲ ਜਾਂਦੀ ਹੈ ਫੂਕ

## ਵਾਰਡ ਵਾਸੀ ਬੁਨਿਆਦੀ ਸਹੂਲਤਾਂ ਨੂੰ ਤਰਸੇ, ਸਾਫ਼ ਸਫ਼ਾਈ ਦਾ ਮਾੜਾ ਹਾਲ

ਡੇਰਾਬੱਸੀ, 22 ਅਪ੍ਰੈਲ (ਮਨਦੀਪ ਵਰਮਾ/ਯੋਗੇਸ਼ ਰਾਣਾ): ਨਗਰ ਕੌਂਸਲ ਦੇ ਵਾਰਡ ਨੰਬਰ 3 ਅਤੇ 4 ਅਧੀਨ ਪੈਂਦੇ ਪਿੰਡ ਮੀਰਪੁਰ ਦੀ ਹਾਲਤ ਤਰਸਯੋਗ ਬਣੀ ਹੋਈ ਹੈ।

ਨਗਰ ਕੌਂਸਲ ਅਧਿਕਾਰੀਆਂ ਖਿਲਾਫ ਰੋਸ਼ ਪ੍ਰਗਟ ਕਰਦੇ ਲੋਕਾਂ ਨੇ ਕਿਹਾ ਕਿ 11 ਸਾਲ ਹੋ ਗਏ ਪਿੰਡ ਨੂੰ ਸ਼ਹਿਰ ਵਿੱਚ ਸ਼ਾਮਿਲ ਹੋਏ। ਅੱਜ ਵੀ ਲੋਕ ਸਾਫ ਸਫ਼ਾਈ ਵਰਗੀ ਬੁਨਿਆਦੀ ਸਹੂਲਤਾਂ ਨੂੰ ਤਰਸ ਰਹੇ ਹਨ। ਔਰਤਾਂ ਨੇ ਰੋਸ਼ ਪ੍ਰਗਟ ਕਰਦਿਆਂ ਕਿਹਾ ਕਿ ਇੱਥੇ ਨਾਲੀਆਂ ਵਿੱਚ ਗੰਦੇ ਪਾਣੀ ਅਤੇ ਕੂੜੇ ਦੇ ਢੇਰ ਲੱਗੇ ਹੋਏ ਹਨ। ਸੀਵਰੇਜ ਓਵਰ ਫਲੋ ਹੋਣ ਕਰਕੇ ਦੂਸ਼ਿਤ ਪਾਣੀ ਗਲੀਆਂ ਵਿੱਚ ਭਰਿਆ ਹੋਇਆ ਹੈ। ਸ਼ਹਿਰ ਵਿੱਚ ਸ਼ਾਮਲ ਕਰਨ ਦੇ 11 ਸਾਲ ਬੀਤ ਮਗਰੋਂ ਹਾਲਤ ਪਿੰਡ ਨਾਲੋਂ ਵੀ ਮਾੜੇ ਬਣੇ ਹੋਏ ਹਨ । ਸਵੱਛ ਭਾਰਤ ਅਭਿਆਨ ਦੀ ਇੱਥੇ ਫੂਕ ਨਿਕਲੀ ਪਈ ਹੈ। ਸੈਕੜੇ ਸ਼ਿਕਾਇਤਾਂ ਦੇ ਬਾਵਜੂਦ ਨਗਰ ਕੌਂਸਲ ਅਧੀਕਾਰੀ ਕੋਈ ਧਿਆਨ ਨਹੀਂ ਦੇ ਰਹੀ। ਉੱਚ ਅਧਿਕਾਰੀ ਵੀ ਸੁਣਵਾਈ ਨਹੀਂ ਕਰਦੇ। ਨਗਰ ਕੌਂਸਲ ਕਰੋੜਾ ਰੁਪਏ ਵਿਕਾਸ ਤੇ ਖਰਚ ਕਰਨ ਦੇ ਦਾਅਵੇ ਕਰਦੀ ਹੈ, ਲੇਕਿਨ ਜ਼ਮੀਨੀ ਹਕੀਕਤ ਇਸਦੇ ਉਲਟ ਹੈ। ਸਫ਼ਾਈ ਕਰਮੀ ਕਦੇ ਵਿਖਾਈ ਹੀ ਨਹੀਂ ਦਿੰਦੇ। ਵੋਟਾਂ ਮੰਗਣ ਲਈ ਲੀਡਰ ਅਤੇ ਉਨ੍ਹਾਂ ਦੇ ਚਮਚੇ ਆਉਂਦੇ ਹਨ ਫੇਰ ਗਾਇਬ ਹੋ ਜਾਂਦੇ ਹਨ। ।ਲੋਕਾਂ ਨੇ ਕਿਹਾ ਕਿ ਡੇਰਾਬੱਸੀ ਕੌਂਸਲ ਸਾਫ਼-ਸੁਥਰੇ ਸ਼ਹਿਰ ਅਤੇ ਸੁੰਦਰੀਕਰਨ ਉੱਤੇ ਲੱਖਾਂ ਰੁਪਏ ਖਰਚ ਕਰਕੇ ਪੈਸੇ ਬਰਬਾਦ ਕਰ ਰਿਹਾ ਹੈ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਵਾਰਡਾਂ ਵਿੱਚ ਲੋਕ ਬੁਨਿਆਦੀ ਸਹੂਲਤਾਂ ਨੂੰ ਤਰਸ ਰਹੇ ਹਨ।

ਵਾਰਡ ਵਾਸੀਆ ਨੇ ਪੰਜਾਬ ਸਰਕਾਰ ਤੋਂ ਮੰਗ ਕਰਦੇ ਸਾਫ਼ ਸਫ਼ਾਈ ਕਰਵਾਉਣ ਦੀ ਗੁਹਾਰ ਲਾਈ ਹੈ।



# ਆਈਪੀਐਸ ਸਕੂਲ ਰਤਨਗੜ੍ਹ 'ਚ ਧਰਤੀ ਦਿਵਸ ਮਨਾਇਆ

ਮੋਰਿੰਡਾ, 22 ਅਪ੍ਰੈਲ (ਗੁਰਮੀਤ ਸਿੰਘ ਚੋਪੜਾ): ਇਰਵਿੰਗਜ਼ ਪਾਰਕ (ਆਈ ਪੀ ਐਸ) ਸਕੂਲ ਵਿੱਚ ਧਰਤੀ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਵਾਤਾਵਰਨ ਦੀ ਸੁਰੱਖਿਆ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ।ਕਾਰਜਕ੍ਰਮ ਦੀ ਸ਼ੁਰੂਆਤ ਸਵੇਰੇ ਦੀ ਸਭਾ ਨਾਲ ਹੋਈ, ਜਿਸ ਵਿੱਚ ਵਾਤਾਵਰਨ ਸੁਰੱਖਿਆ ਸੰਰੱਖਣ ਅਤੇ ਰੀਸਾਈਕਲ ਅਤੇ ਰੀਯੂਜ਼ ਵਿਸ਼ੇ 'ਤੇ ਇੱਕ ਛੋਟੀ ਪ੍ਰਸਤੁਤੀ ਪੇਸ਼ ਕੀਤੀ ਗਈ। ਪ੍ਰਾਇਮਰੀ ਕਲਾਸਾਂ ਦੇ ਵਿਦਿਆਰਥੀਆਂ ਵੱਲੋਂ ਸਕੂਲ ਕੈਂਪਸ ਵਿੱਚ ਜਾਗਰੂਕਤਾ ਰੈਲੀ ਵੀ ਕੱਢੀ ਗਈ।ਇਸ ਮੌਕੇ ਸੇਵ ਐਨਵਾਇਰਨਮੈਂਟ, ਸੇਵ ਅਰਥ ਵਿਸ਼ੇ 'ਤੇ ਸਲੋਗਨ ਲਿਖਣ ਅਤੇ ਪੋਸਟਰ ਬਣਾਉਣ ਦੀਆਂ ਪ੍ਰਤੀਯੋਗਿਤਾਵਾਂ ਕਰਵਾਈਆਂ ਗਈਆਂ। ਵਿਦਿਆਰਥੀਆਂ ਨੇ ਸਕੂਲ ਕੈਂਪਸ ਵਿੱਚ ਰੁੱਖ ਲਗਾਉਣ ਦੀ ਗਤੀਵਿਧੀ ਵਿੱਚ ਵੀ ਸਰਗਰਮ ਹਿੱਸਾ ਲਿਆ।ਵਿਦਿਆਰਥੀਆਂ ਨੇ ਸਭ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ ਅਤੇ ਧਰਤੀ ਮਾਤਾ ਦੀ ਰੱਖਿਆ ਲਈ ਹੋਰ ਜ਼ਿੰਮੇਵਾਰ ਬਣਨ ਦੀ ਸ਼ਪਥ ਲਈ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਭੁਪਿੰਦਰ ਕੌਰ ਨੇ ਵਾਤਾਵਰਨ ਨਾਲ ਸੰਬੰਧਿਤ ਮੁੱਦਿਆਂ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਵਿਦਿਆਰਥੀਆਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਦਿਨਚਰੀ ਵਿੱਚ ਵਾਤਾਵਰਨ-ਮਿੱਤਰ ਆਦਤਾਂ ਅਪਣਾਉਣ ਲਈ ਪ੍ਰੇਰਿਤ ਕੀਤਾ।ਇਹ ਸਮਾਗਮ ਵਿਦਿਆਰਥੀਆਂ ਵਿੱਚ ਵਾਤਾਵਰਨ ਪ੍ਰਤੀ ਜ਼ਿੰਮੇਵਾਰੀ ਅਤੇ ਜਾਗਰੂਕਤਾ ਪੈਦਾ ਕਰਨ ਵਿੱਚ ਸਫਲ ਰਿਹਾ।




# ਧੰਨਾ ਭਗਤ ਜੀ ਦਾ ਜਨਮ ਦਿਵਸ ਮਨਾਇਆ



ਮੋਰਿੰਡਾ, 22 ਅਪ੍ਰੈਲ (ਗੁਰਮੀਤ ਸਿੰਘ ਚੋਪੜਾ): ਧੰਨਾ ਭਗਤ ਵੈਲਫੇਅਰ ਸੋਸਾਇਟੀ ਮੋਰਿੰਡਾ ਵਲੋਂ ਧੰਨਾ ਭਗਤ ਜੀ ਦਾ ਜਨਮ ਦਿਵਸ ਗੁਰਦੁਆਰਾ ਸ੍ਰੀ ਗੁਪਤਸਰ ਸਾਹਿਬ ਵਿਖੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੋਸਾਇਟੀ ਦੇ ਪ੍ਰਧਾਨ ਬਲਜਿੰਦਰ ਸਿੰਘ ਭੂਲਰ ਨੇ ਦੱਸਿਆ ਕਿ ਧੰਨਾ ਭਗਤ ਜੀ ਦੇ ਜਨਮ ਦਿਵਸ ਦੇ ਸਬੰਧ ਵਿੱਚ ਅੱਜ ਗੁਰਦੁਆਰਾ ਸ੍ਰੀ ਗੁਪਤਸਰ ਸਾਹਿਬ ਵਿਖੇ ਸਵੇਰੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਦਿਵਾਨ ਸਜਾਏ ਗਏ। ਇਸ ਮੌਕੇ ਪ੍ਰਸਿਧ ਰਾਗੀ ਭਾਈ ਬੇਅੰਤ ਸਿੰਘ ਧਿਆਨ ਪੁਰੇ ਵਾਲਿਆਂ ਨੇ ਕਥਾ ਅਤੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਕਥਾ ਰਾਹੀਂ ਭਗਤ ਧੰਨਾ ਜੀ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ,ਨਾਮ ਜੱਪਣ ਵੰਡ ਛਕਣ ਅਤੇ ਜ਼ਬਰ ਜ਼ੁਲਮ ਖਿਲਾਫ ਮੂਹਰਲੀ ਕਤਾਰ ਵਿਚ ਹੋ ਲੜਨ ਦੀ ਪ੍ਰੇਰਨਾ ਦਿੱਤੀ। ਉਹਨਾਂ ਲੋੜਵੰਦ ਲੋਕਾਂ ਦੀ ਮੱਦਦ ਲਈ ਅੱਗੇ ਆਉਣ ਦੀ ਅਪੀਲ ਕੀਤੀ। ਸਮਾਗਮ ਦੇ ਅਖੀਰ ਵਿੱਚ ਸੋਸਾਇਟੀ ਦੇ ਪ੍ਰਧਾਨ ਬਲਜਿੰਦਰ ਸਿੰਘ ਅਤੇ ਅਮਰੀਕ ਸਿੰਘ ਮਾਨ ਨੇ ਸਮਾਗਮ ਵਿੱਚ ਹਾਜ਼ਰੀ ਲਗਵਾਉਣ ਵਾਲੇ ਜਥਿਆਂ ਅਤੇ ਪਤਵੰਤੇ ਸੱਜਣਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਇਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰਗਟ ਸਿੰਘ ਰੌਲੂ ਮਾਜਰਾ, ਸੀਨੀਅਰ ਕਾਂਗਰਸੀ ਆਗੂ ਹਰਮਿੰਦਰ ਸਿੰਘ ਲੱਕੀ, ਪੀ ਏ ਡੀ ਬੈਂਕ ਦੇ ਵਾਇਸ ਚੇਅਰਮੈਨ ਕਰਨੈਲ ਸਿੰਘ ਜੀਤ, ਇਤਿਹਾਸਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਦੇ ਮੈਨੇਜਰ ਦਵਿੰਦਰ ਸਿੰਘ, ਦਵਿੰਦਰ ਸਿੰਘ ਮਝੈਲ ਸਰਪੰਚ ਡੂਮਛੇੜੀ,ਬਾਰਾ ਸਿੰਘ ਸਾਬਕਾ ਸਰਪੰਚ ਰੌਣੀ, ਗੁਰਮੁੱਖ ਸਿੰਘ ਹਾਜ਼ਰ ਸਨ।

# ਵੱਖ ਵੱਖ ਮਜ਼ਦੂਰ, ਮੁਲਾਜ਼ਮ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਇੱਕ ਮੰਚ 'ਤੇ ਮਜ਼ਦੂਰ ਦਿਵਸ ਮਨਾਉਣ ਦਾ ਫੈਸਲਾ, ਸੰਵਿਧਾਨ ਨਾਲ ਛੇੜਛਾੜ ਬਰਦਾਸ਼ਤ ਨਹੀਂ : ਕਰਨੈਲ ਸਿੰਘ ਜੀਤ

ਮੋਰਿੰਡਾ, 22 ਅਪ੍ਰੈਲ (ਗੁਰਮੀਤ ਸਿੰਘ ਚੋਪੜਾ): ਵੱਖ-ਵੱਖ ਮਜ਼ਦੂਰ, ਮੁਲਾਜ਼ਮ ਅਤੇ ਸਮਾਜਿਕ ਜਥੇਬੰਦੀਆਂ ਦੀ ਇਕੱਤਰਤਾ ਕਰਨੈਲ ਸਿੰਘ ਜੀਤ ਕਨਵੀਨਰ ਸੰਵਿਧਾਨ ਬਚਾਓ ਸੰਘਰਸ਼ ਕਮੇਟੀ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਬਕਾ ਕੌਂਸਲਰ ਮੋਹਨ ਲਾਲ ਕਾਲਾ ਅਤੇ ਐਡਵੋਕੇਟ ਪਰਮਿੰਦਰ ਸਿੰਘ ਤੂਰ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਮਲਾਗਰ ਸਿੰਘ ਖਮਾਣੋਂ,ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਮੋਰਿੰਡਾ (ਇਫਟੂ) ਵਲੋਂ ਜਸਪਾਲ ਸਿੰਘ ਚਲਾਕੀ, ਟੈਕਨੀਕਲ ਅਤੇ ਮਕੈਨੀਕਲ ਯੂਨੀਅਨ ਜ਼ਿਲ੍ਹਾ ਰੂਪਨਗਰ ਵਲੋਂ ਬ੍ਰਹਮਪਾਲ ਸਹੋਤਾ, ਪਾਵਰਕੌਮ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵਲੋਂ ਪ੍ਰਧਾਨ ਬਲਿਹਾਰ ਸਿੰਘ, ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ (ਏਟਕ) ਵੱਲੋਂ ਅਮਰਜੀਤ ਸਿੰਘ,ਐਸ ਸੀ,ਬੀ ਸੀ ਅਧਿਆਪਕ ਯੂਨੀਅਨ ਵੱਲੋਂ ਮਾਂ ਗੁਰਪ੍ਰੀਤ ਸਿੰਘ, ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕੋਮ ਵੱਲੋਂ ਪਰਮਜੀਤ ਸਿੰਘ ਮੋਰਿੰਡਾ,ਖੇਤ ਮਜ਼ਦੂਰ ਯੂਨੀਅਨ ਅਤੇ ਨਰੇਗਾ ਫਰੰਟ ਵੱਲੋਂ ਸੁਖਵਿੰਦਰ ਸਿੰਘ ਦੁਮਣਾ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਪੰਜਾਬ ਵਲੋਂ ਸਪ੍ਰਸਤ ਕੁਲਵੀਰ ਸਿੰਘ ਸੋਨੂੰ,ਭੁਪਿੰਦਰ ਸਿੰਘ ਗੀਹਲ,ਰਾਮਦਾਸੀਆ ਵੈਲਫੇਅਰ ਸੁਸਾਇਟੀ ਵਲੋਂ ਹਰਮਿੰਦਰ ਸਿੰਘ ਲੱਕੀ, ਡਾ ਦਿਲਬਾਗ ਸਿੰਘ,ਪ੍ਰਿ ਬਲਵੀਰ ਸਿੰਘ ਛਿੱਬਰ, ਗੁਰਦਰਸ਼ਨ ਸਿੰਘ ਢੋਲਣ ਮਾਜਰਾ, ਬਾਲਮੀਕ ਸਭਾ ਮੋਰਿੰਡਾ ਵੱਲੋਂ ਚੇਅਰਮੈਨ ਰਮੇਸ਼ ਕੁਮਾਰ ਮੇਸ਼ੀ, ਐਮ ਪ੍ਰਕਾਸ਼ ਮੱਟੂ ਆਦਿ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ। ਇਸ ਮੌਕੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਸ਼ਿਕਾਗੋ ਦੇ ਮਹਾਨ ਸ਼ਹੀਦਾਂ ਅਤੇ ਸੰਵਿਧਾਨ ਨਿਰਮਾਤਾ ਭਾਰਤ ਰਤਨ ਡਾ ਭੀਮ ਰਾਓ ਅੰਬੇਦਕਰ ਜੀ ਦੇ ਸਬੰਧ ਵਿੱਚ 1 ਮਈ ਮਜ਼ਦੂਰ ਦਿਵਸ ਮੌਕੇ ਡਾ ਭੀਮ ਰਾਓ ਅੰਬੇਦਕਰ ਕਮਿਊਨਟੀ ਸੈਂਟਰ ਮੋਰਿੰਡਾ ਵਿਖੇ ਚੇਤਨਾ ਸਮਾਗਮ ਕੀਤਾ ਜਾਵੇਗਾ। ਜਿਸ ਵਿਚ ਹਾਜ਼ਰ ਸਮੂਹ ਜਥੇਬੰਦੀਆਂ ਦੇ ਵਲੰਟੀਅਰਜ਼ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਨਗੇ। ਇਸ ਮੌਕੇ ਕਰਨੈਲ ਸਿੰਘ ਜੀਤ ਨੇ ਦੱਸਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਨਿਆਂ ਪਾਲਿਕਾ ਰਾਹੀਂ ਦੇਸ਼ ਦੇ ਸੰਵਿਧਾਨ ਨੂੰ ਬਦਲਣ ਦੇ ਯਤਨ ਕਰ ਰਹੀ ਹੈ ਜੋ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸੰਵਿਧਾਨ ਨਾਲ ਛੇੜਛਾੜ ਬੰਦ ਨਾ ਕੀਤੀ ਤਾਂ 2 ਅਪ੍ਰੈਲ 2018 ਦੇ ਇਤਿਹਾਸ ਨੂੰ ਮੁੜ ਦੁਹਰਾਇਆ ਜਾਵੇਗਾ। ਉਹਨਾਂ ਯੂ ਜੀ ਸੀ ਨੂੰ ਮੁੜ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ। ਇਸ ਮੌਕੇ ਸਮੂਹ ਆਗੂਆਂ ਨੇ ਕੇਂਦਰ ਸਰਕਾਰ ਵਲੋਂ ਮਜ਼ਦੂਰ ਦੀ ਦਿਹਾੜੀ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਦੀ ਘੋਰ ਨਿੰਦਾ ਕਰਦਿਆਂ ਇਹ ਮਜ਼ਦੂਰ ਵਿਰੋਧੀ ਨੀਤੀਆਂ ਵਾਪਸ ਲੈਣ ਦੀ ਮੰਗ ਕੀਤੀ। ਇਸ ਮੌਕੇ ਠੇਕੇਦਾਰੀ ਸਿਸਟਮ ਬੰਦ ਕਰਕੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿ ਬਾਵਾ ਸਿੰਘ ਲੱਧੜ,ਸੁਪਰਡੈਂਟ ਭਾਗ ਸਿੰਘ ਮਕੜੌਨਾ, ਜਸਵੀਰ ਸਿੰਘ ਸਾਂਤਪੁਰੀ, ਲਾਭ ਸਿੰਘ ਮੂੰਡੀਆਂ, ਹਾਜ਼ਰ ਸਨ।



# 6 ਕਿੱਲੋ ਭੁੱਕੀ ਚੂਰਾ ਪੋਸਤ ਸਮੇਤ ਇਕ ਕਾਬੂ

ਸ਼ੰਭੂ 22 ਅਪ੍ਰੈਲ (ਰਾਜਿੰਦਰ ਸਿੰਘ ਕੰਬੋਜ) :ਐਸ.ਆਈ ਨਾਹਰ ਸਿੰਘ ਸਮੇਤ ਪੁਲਿਸ ਪਾਰਟੀ ਵੱਲੋਂ ਗਸ਼ਤ ਦੌਰਾਨ ਪਿੰਡ ਨੌਸ਼ਹਿਰਾ ਨੇੜੇ ਸ਼ੱਕੀ ਵਿਅਕਤੀਆਂ ਦੀ ਤਲਾਸ਼ ਕੀਤੀ ਜਾ ਰਹੀ ਸੀ। ਇਸ ਦੌਰਾਨ ਪੁਲਿਸ ਨੇ ਇੱਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਚੈਕ ਕੀਤਾ।ਚੈਕਿੰਗ ਦੌਰਾਨ ਦੋਸ਼ੀ ਸਕੀਲ ਖਾਨ ਪੁੱਤਰ ਮਿੱਠੂ ਖਾਨ ਵਾਸੀ ਵਾਰਡ ਨੰਬਰ 07, ਨੇੜੇ ਸ਼ਿਵ ਮੰਦਰ ਘੱਗਾ ਪਾਸੋਂ 6 ਕਿੱਲੋਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਹੋਈ।ਪੁਲਿਸ ਵੱਲੋਂ ਦੋਸ਼ੀ ਖ਼ਿਲਾਫ਼ ਨਸ਼ਾ ਰੋਕੂ ਕਾਨੂੰਨ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਸਿਸਰ ਰਾਵਤ ਤੇ ਬਸੰਤ ਰਾਵਤ ਨੂੰ ਨਵਾਂ ਸਾਈਕਲ ਦੇ ਕੇ ਸਨਮਾਨਿਤ ਕੀਤਾ

ਐਸ ਏ ਐਸ ਨਗਰ ,22 ਅਪ੍ਰੈਲ (ਭੁਪਿੰਦਰ ਸਿੰਘ ਗਰੇਵਾਲ) ਇੰਨਰ ਵ੍ਹੀਲ ਕਲੱਬ ਚੰਡੀਗੜ੍ਹ ਵੱਲੋਂ ਸੂਬਾ ਪੱਧਰੀ ਪ੍ਰਾਇਮਰੀ ਖੇਡਾਂ ਨਾਰੰਗਵਾਲ (ਲੁਧਿਆਣਾ ) ਵਿਖੇ 100,200,400,600 ਤੇ ਰਿਲੇ ਦੌੜਾਂ ਵਿੱਚ ਸਮੇਤ ਪੰਜ ਗੋਲਡ ਮੈਡਲ ਜਿੱਤਣ ਵਾਲੇ ਸਿਸਰ ਰਾਵਤ ਤੇ ਬਸੰਤ ਰਾਵਤ ਨੂੰ ਨਵਾਂ ਸਾਈਕਲ ਦੇ ਕੇ ਸਨਮਾਨਿਤ ਕੀਤਾ ਗਿਆ।ਸਕੂਲ ਮੁਖੀ ਐਨ ਡੀ ਤਿਵਾੜੀ ਨੇ ਦੱਸਿਆ ਕਿ ਕਾਂਸਲ ਸਕੂਲ ਦੇ ਖਿਡਾਰੀ ਲਗਾਤਾਰ 2014 ਤੋਂ ਸੂਬੇ ਭਰ ਵਿੱਚ ਆਪਣੇ ਜ਼ਿਲ੍ਹੇ ਐਸ ਏ ਐਸ ਨਗਰ ਤੇ ਆਪਣੇ ਸਕੂਲ ਦਾ ਨਾਂ ਰੌਸ਼ਨ ਕਰਦੇ ਰਹੇ ਹਨ।ਇਸ ਵਾਰ ਦੀਆਂ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾ ਵਿੱਚ ਐਥਲੈਟਿਕਸ ਦੇ ਨਾਲ ਨਾਲ ਕਬੱਡੀ ਨੈਸ਼ਨਲ ਸਟਾਈਲ ਵਿੱਚ ਵੀ ਕਾਂਸਲ ਸਕੂਲ ਦੇ ਖਿਡਾਰੀ ਛਾਏ ਰਹੇ ਤੇ ਸੂਬੇ ਪੱਧਰ ਵਿੱਚ ਆਪਣਾ ਜੇਤੂ ਅਭਿਆਸ ਜਾਰੀ ਰੱਖਿਆ ।ਸਕੂਲ ਦੇ ਖਿਡਾਰੀ ਹਰ ਸਾਲ ਅਥੈਲੈਟਿਕਸ ਤੇ ਕਬੱਡੀ ਵਿੱਚ ਸੂਬੇ ਭਰ ਵਿੱਚ ਨਾਮਣਾ ਖੱਟਦੇ ਹਨ।ਇਸ ਸਾਲ ਵੀ ਕਾਂਸਲ ਸਕੂਲ ਦੇ ਖਿਡਾਰੀਆਂ ਨੇ ਸੈਂਟਰ ,ਬਲਾਕ ,ਜ਼ਿਲ੍ਹਾ ਤੇ ਸੂਬੇ ਭਰ ਵਿੱਚ ਆਪਣੀ ਪ੍ਰਤਿਭਾ ਦਾ ਦਬਦਬਾ ਬਰਕਰਾਰ ਰੱਖਿਆ ।



# ਟੈਕਨੋਕਰੇਟ ਦਰਸ਼ਨ ਸਿੰਘ ਕੁਲਾਰ ਹਮੇਸ਼ਾ ਯਾਦ ਰਹਿਣਗੇ

ਲੁਧਿਆਣਾ, 22 ਅਪ੍ਰੈਲ (ਜਤਿੰਦਲਪਾਲ ਸਿੰਘ ਛਾਬੜਾ) :23 ਸਾਲ ਪਹਿਲੋਂ ਅੱਜ ਦੇ ਦਿਨ ਸਰਦਾਰ ਦਰਸ਼ਨ ਸਿੰਘ ਜੀ ਕੁਲਾਰ ਅਕਾਲ ਚਲਾਣਾ ਕਰ ਗਏ ਸਨ । ਸ੍ਰ.ਰਤਨ ਸਿੰਘ ਜੀ ਕੁਲਾਰ ਦੇ ਚਾਰ ਪੁੱਤਰਾਂ ਵਿਚੋਂ ਸਰਦਾਰ ਦਰਸ਼ਨ ਸਿੰਘ ਕੁਲਾਰ, ਸ: ਅਜੀਤ ਸਿੰਘ ਕੁਲਾਰ ਅਤੇ ਸ: ਪ੍ਰੀਤਮ ਸਿੰਘ ਕੁਲਾਰ ਤੋਂ ਬਾਅਦ ਤੀਜਾ ਪੁੱਤਰ ਸਨ, ਜਦੋਂਕਿ ਸ: ਮੁਖਤਿਆਰ ਸਿੰਘ ਕੁਲਾਰ ਓਹਨਾ ਤੋਂ ਛੋਟੇ ਸਨ ਜੀ.ਜੀ.ਐੱਨ.ਖਾਲਸਾ ਸਕੂਲ ਗੁਰੂਸਰ, ਸੁਧਰ ਤੋਂ ਸਾਲ 1955 ਵਿਚ ਦਸਵੀਂ ਪਾਸ ਕਰਨ ਉਪਰੰਤ ਲੁਧਿਆਣਾ ਆ ਕੇ ਸੰਨ 1956 ਵਿਚ ਕੁਲਾਰ ਭਰਾਵਾਂ ਨੇ ਆਪਣਾ ਕਾਰੋਬਾਰ ਸਥਾਪਤ ਕੀਤਾ ਅਤੇ ਕਿਰਾਏ ਦੇ ਯੂਨਿਟ ਮੇਸਰਜ਼ ਦੇਵਕੀ ਨੰਦਨ ਐਂਡ ਸੰਨਜ਼ ਵਿਖੇ ਸਾਈਕਲ ਮਡਗਾਰਡਾਂ ਦਾ ਨਿਰਮਾਣ ਸ਼ੁਰੂ ਕੀਤਾ। ਸਨ 1962 ਵਿਚ, ਉਨ੍ਹਾਂ ਨੇ ਆਪਣੀ ਯੂਨਿਟ ਮੈਸਰਜ਼ ਕੁਲਾਰ ਸਾਈਕਲ ਇੰਡਸਟਰੀਜ਼ ਦੀ ਸ਼ੁਰੂਆਤ ਕੀਤੀ, ਜਿੱਥੇ ਪਹਿਲਾਂ ਉਨ੍ਹਾਂ ਨੇ ਮਸ਼ੀਨਰੀ ਵਿਕਸਤ ਕੀਤੀ ਅਤੇ ਫਿਰ ਸਾਈਕਲ ਮਡਗਾਰਡਾਂ ਅਤੇ ਰਿਮਾਂ ਦਾ ਉਤਪਾਦਨ ਸ਼ੁਰੂ ਕੀਤਾ । ਸ. ਦਰਸ਼ਨ ਸਿੰਘ ਕੁਲਾਰ ਭਾਰਤੀ ਸਾਈਕਲ ਇੰਡਸਟਰੀ ਵਿਚ ਟੈਕਨੋਕਰੇਟ ਵਜੋਂ ਜਾਣੇ ਜਾਂਦੇ ਹਨ, 22 ਸਾਲ ਪਹਿਲਾਂ ਸਰਦਾਰ ਦਰਸ਼ਨ ਸਿੰਘ ਕੁਲਾਰ 23 ਅਪ੍ਰੈਲ 2003 ਨੂੰ ਸਦੀਵੀਂ ਵਿਛੋੜਾ ਪਾ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ; ਓਹਨਾਂ ਦੇ ਦੋ ਪੁੱਤਰਾਂ ਸ: ਗੁਰਮੀਤ ਸਿੰਘ ਕੁਲਾਰ ਅਤੇ ਸ. ਜਗਦੇਵ ਸਿੰਘ ਕੁਲਾਰ ਨੇ ਵਿਰਾਸਤ ਨੂੰ ਅੱਗੇ ਵਧਾਇਆ ਹੈ, ਉਨ੍ਹਾਂ ਦਾ ਪਰਿਵਾਰ ਅਤੇ ਕਾਰੋਬਾਰ ਤੇਜ਼ੀ ਨਾਲ ਵਧਾਇਆ ਅਤੇ ਸੈਬੀ ਸਾਈਕਲ ਐਂਡ ਆਟੋ ਇੰਡਸਟਰੀਜ਼ ਯੂਨਿਟ ਨੰਬਰ 2, ਦਰਸ਼ਨ ਉਦਯੋਗ, ਕੁਲਾਰ ਇੰਟਰਨੈਸ਼ਨਲ, ਕੁਲਾਰ ਇੰਡਸਟਰੀਅਲ ਕਾਰਪਨ.ਐਂਡ ਕੁਲਾਰ ਸੰਨਜ਼ ਫਰਮਾਂ ਵਿਕਸਿਤ ਕੀਤੀਆਂ । ਇਸ ਤੋਂ ਇਲਾਵਾ ਸ: ਗੁਰਮੀਤ ਸਿੰਘ ਕੁਲਾਰ ਫਿਕੋ (ਫੈਡਰੇਸ਼ਨ ਆਫ ਇੰਡਸਟ੍ਰੀਅਲ ਐਂਡ ਕਮਰਸ਼ੀਅਲ ਆਰਗੇਨਾਈਜ਼ੇਸ਼ਨ)ਦੇ ਪ੍ਰਧਾਨ ਅਤੇ ਹੈਡ ਪੰਜਾਬ ਸਟੇਟ – ਆਏ.ਐਮ.ਐਸ.ਐਮ.ਈ.ਓਫ.ਇੰਡਿਆ, ਰਾਸ਼ਟਰੀ ਪੱਧਰ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਪੀ.ਐਚ.ਡੀ. ਚੈਂਬਰ ਓਫ ਕਾਮਰਸ ਐਂਡ ਇੰਡਸਟਰੀ ਹਨ ਅਤੇ ਕਾਰੋਬਾਰੀ ਭਾਈਚਾਰੇ ਦੀ ਸੇਵਾ ਕਰ ਰਹੇ ਹਨ। ਸ: ਜਗਦੇਵ ਸਿੰਘ ਕੁਲਾਰ ਆਈ.ਟੀ.ਆਈ. ਅੰਮ੍ਰਿਤਸਰ ਦੇ ਚੇਅਰਮੈਨ ਹਨ ਜਿੱਥੇ 700 ਤੋਂ ਵੱਧ ਵਿਦਿਆਰਥੀ ਤਕਨੀਕੀ ਸਿੱਖਿਆ ਹਾਸਲ ਕਰਦੇ ਹਨ।ਹਰ ਸਾਲ ਸ.ਦਰਸ਼ਨ ਸਿੰਘ ਜੀ ਕੁਲਾਰ ਦੀ ਯਾਦ ਵਿੱਚ ਕੁਲਾਰ ਪਰਿਵਾਰ ਵੱਲੋਂ ਫੁੱਟਬਾਲ ਟੂਰਨਾਮੈਂਟ ਕਰਵਾਇਆ ਜਾਂਦਾ ਹੈ।ਉਨ੍ਹਾਂ ਦੀ ਬਰਸੀ ਮੌਕੇ ਕੁਲਾਰ ਪਰਿਵਾਰ ਸ: ਦਰਸ਼ਨ ਸਿੰਘ ਜੀ ਕੁਲਾਰ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ।

